# ਕੈਨੇਡਾ ਦਰਪਣ

ਨਵੰਬਰ 14, 1986

**November 14, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

Weekending November 14, 1986 Vol. 5 No. 44 — Price 35¢ Out of Greater Vancouver 50¢ — Ph. (604)581-4473

ਗਿੱਲ ਆਟੋ ਸੇਲ

- ਪੁਰਾਣੀਆਂ ਜਾਂ ਨਵੀਆਂ ਕਾਰਾਂ
- ਵੈਨਾਂ
- ਪਿਕ ਅੱਪ

ਖ੍ਰੀਦਣ ਲਈ ਅੱਜ ਹੀ ਪਹੁੰਚੋ

GILL AUTO SALES
6138 Kingsway (Near Imperial),
Burnaby
Ph. 432-7333

## ਸ੍ਰੀਨਗਰ 'ਚ ਸਹੁੰ ਚੁੱਕਣ ਦੀ ਰਸਮ ਅੱਜ

# ਡਾ. ਫਾਰੂਕ ਮੁੜ ਮੁੱਖ ਮੰਤਰੀ ਬਣੇ

ਨਵੀਂ ਦਿੱਲੀ (6 ਨਵੰਬਰ) — ਡਾ. ਫਾਰੂਕ ਅਬਦੁੱਲਾ ਵਾਲੀ ਨੈਸ਼ਨਲ ਕਾਨਫਰੰਸ ਦਾ ਕਾਂਗਰਸ ਆਈ. ਨਾਲ ਸਮਝੌਤਾ ਹੋ ਗਿਆ ਹੈ ਅਤੇ ਅੱਜ ਫਾਰੂਕ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਰਿਹਾ ਹੈ।

ਸਹੁੰ ਚੁੱਕਣ ਦੀ ਰਸਮ ਸਮੇਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਸ੍ਰੀ ਨਗਰ ਪਹੁੰਚ ਰਹੇ ਹਨ। ਕੁਲੀਸ਼ਨ ਸਰਕਾਰ ਦੀ ਕਾਇਮੀ ਵੇਲੇ ਉਹ ਇਕ ਮੀਟਿੰਗ ਨੂੰ ਸੰਬੋਧਨ ਕਰਨਗੇ।

ਫਾਰੂਕ ਨਾਲ ਸਾਂਝੀ ਸਰਕਾਰ ਬਣਾਉਣ ਦੇ ਫੈਸਲੇ ਦੀ ਪੁਸ਼ਟੀ ਕਰਦਿਆਂ ਕਾਂਗਰਸ ਦੇ ਜਨਰਲ ਸਕੱਤਰ ਏ. ਕੇ. ਅਨਟੋਨੀ ਨੇ ਕਿਹਾ ਕਿ ਪਾਰਟੀ ਪਾਰਲੀਮੈਂਟ ਬੋਰਡ ਮਹਿਸੂਸ ਕਰਦਾ ਹੈ ਕਿ ਇਹੋ ਜਿਹੀ ਸਰਕਾਰ ਰਾਜ ਦੇ ਲੋਕਾਂ ਦੀ ਉਨਤੀ 'ਚ ਸਹਾਇਤਾ ਕਰੇਗੀ। ਇਹੋ ਜਿਹੀ ਸਰਕਾਰ ਫਿਰਕਾਪ੍ਰਸਤੀ, ਧਾਰਮਿਕ ਕੱਟੜਤਾ ਅਤੇ ਵੱਖਵਾਦੀ ਤਾਕਤਾਂ ਦੇ ਖਿਲਾਫ ਲੜਨ ਦੇ ਯੋਗ ਹੋਵੇਗੀ।

ਡਾ. ਫਾਰੂਕ ਨੇ ਇਕ ਬਿਆਨ 'ਚ ਕਿਹਾ ਕਿ ਉਹ ਪ੍ਰਧਾਨ ਮੰਤਰੀ ਵਲੋਂ ਪ੍ਰਗਟਾਏ ਗਏ ਭਰੋਸੇ 'ਤੇ ਪੂਰਾ ਉਤਰਨ ਦਾ ਯਤਨ ਕਰੇਗਾ ਅਤੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਲਈ ਪੂਰੀ ਵਾਹ ਲਾਵੇਗਾ।

## ਪੰਜਾਬ ਮੰਤਰੀ ਮੰਡਲ ਵਲੋਂ ਅਖੌਤੀ ਖਾਲਿਸਤਾਨੀਆਂ ਦੀ ਨਿਖੇਧੀ

ਚੰਡੀਗੜ੍ਹ — ਪੰਜਾਬ ਮੰਤਰੀ ਮੰਡਲ ਨੇ 1 ਨਵੰਬਰ ਨੂੰ ਹਰਿਮੰਦਰ ਸਾਹਿਬ 'ਚ ਅਖੌਤੀ ਖਾਲਿਸਤਾਨੀਆਂ ਦੀ ਹੋਈ ਮੀਟਿੰਗ ਦੀ ਕਰੜੀ ਨਿਖੇਧੀ ਕੀਤੀ ਹੈ। ਇਸ ਮੀਟਿੰਗ ਵਿਚ ਪੰਜਾਬ ਦੇ ਮੁੱਖ ਮੰਤਰੀ ਅਤੇ ਸਿੰਘ ਸਾਹਿਬਾਨ ਵਿਰੁੱਧ ਮਤੇ ਪਾਸ ਕੀਤੇ ਗਏ ਸਨ।

ਮੰਤਰੀ ਮੰਡਲ ਦੀ ਮੀਟਿੰਗ 'ਚ ਗੜਬੜ ਕਰਨ ਵਾਲੇ ਤੱਤਾਂ ਨਾਲ ਸਖਤੀ ਨਾਲ ਨਿਪਟਣ ਦੀ ਲੋੜ 'ਤੇ ਜ਼ੋਰ ਦਿਤਾ ਗਿਆ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਬਰਨਾਲਾ ਨੇ ਸਾਰੇ ਧਰਮਾਂ ਅਤੇ ਰਾਜਨੀਤਕ ਸੋਚਾਂ ਵਾਲੇ ਲੋਕਾਂ ਨੂੰ ਅਤਿਵਾਦ ਦੇ ਖਿਲਾਫ ਸਰਕਾਰ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।

ਇਕ ਦੂਜੇ ਬਿਆਨ 'ਚ ਅਕਾਲ ਤਖਤ ਦੇ ਜਥੇਦਾਰ ਕਿਰਪਾਲ ਸਿੰਘ ਨੇ ਸਿੱਖ ਪੰਥ ਨੂੰ ਹਰਿਮੰਦਰ ਸਾਹਿਬ 'ਚ ਹੋਏ ਇਨ੍ਹਾਂ ਐਲਾਨਾਂ ਨੂੰ ਅਣਗੌਲੇ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਗਰੁੱਪ ਵਲੋਂ ਕੀਤੀ ਗਈ ਇਹ ਮੀਟਿੰਗ ਸਿੱਖ ਪਰੰਪਰਾਵਾਂ ਅਤੇ ਇਤਿਹਾਸ ਦੇ ਖਿਲਾਫ ਹੈ।

ਹਰਿਮੰਦਰ ਸਾਹਿਬ 'ਚ ਹੋਈ ਪਹਿਲੀ ਨਵੰਬਰ ਦੀ ਇਸ ਮੀਟਿੰਗ 'ਚ ਦਰਬਾਰ ਸਾਹਿਬ 'ਚ ਪੁਲੀਸ ਭੇਜਣ ਦੇ ਦੋਸ਼ 'ਚ ਪੰਜਾਬ ਦੇ ਕੁਝ ਲੀਡਰਾਂ ਨੂੰ ਸਿੱਖ ਪੰਥ 'ਚੋਂ ਛੇਕਣ ਦਾ ਫੈਸਲਾ ਵੀ ਕੀਤਾ ਗਿਆ ਸੀ।

## ਅਗਲੇ ਸਾਲ ਵੱਧ ਇੰਮੀਗਰੈਂਟ ਕੈਨੇਡਾ ਆਉਣਗੇ

ਅਟਵਾ — ਕੈਨੇਡਾ ਸਰਕਾਰ ਅਗਲੇ ਸਾਲ ਇਸ ਸਾਲ ਨਾਲੋਂ ਵੱਧ ਆਵਾਸੀਆਂ ਨੂੰ ਕੈਨੇਡਾ ਆਉਣ ਦੀ ਖੁਲ੍ਹ ਦੇਣ ਦਾ ਇਰਾਦਾ ਰੱਖਦੀ ਹੈ। ਆਵਾਸੀ ਵਿਭਾਗ ਦੇ ਯੂਨੀਅਰ ਮਨਿਸਟਰ ਗੇਰੀ ਵੀਨਰ ਅਨੁਸਾਰ ਸਾਲ 1987 ਦੌਰਾਨ ਕੋਈ 115,000 ਤੋਂ ਲੈ ਕੇ 125,000 ਤੱਕ ਇਮੀਗਰੈਂਟ ਕੈਨੇਡਾ 'ਚ ਆ ਸਕਣਗੇ। ਸਰਕਾਰ ਨੇ ਸਾਲ 1986 ਦੌਰਾਨ ਇਹ ਟੀਚਾ 105,000 ਤੋਂ 115,000 ਤੱਕ ਮਿਥਿਆ ਸੀ। ਇਸ ਤਰ੍ਹਾਂ ਅਗਲੇ ਸਾਲ ਕੋਈ 10,000 ਵੱਧ ਆਵਾਸੀ ਆਉਣਗੇ।

ਵੀਨਰ ਅਨੁਸਾਰ ਸਮਾਜਿਕ ਅਤੇ ਆਰਥਿਕ ਤਰੱਕੀ ਲਈ ਆਵਾਸੀ ਟੀਚਿਆਂ 'ਚ ਨਵਾਂ ਅਤੇ ਕੰਟਰੋਲ ਸ਼ੁਦਾ ਵਾਧਾ ਜ਼ਰੂਰੀ ਹੈ।

ਪਰ ਵਿਰੋਧੀ ਪਾਰਟੀਆਂ ਦੇ ਆਲੋਚਕਾਂ ਨੇ ਇਸ ਯੋਜਨਾ ਨੂੰ ਅਰਥ ਵਿਹੂਣੀ ਦੱਸਿਆ ਹੈ।

ਆਵਾਸੀ ਕਾਨੂੰਨਾਂ ਦੇ ਆਲੋਚਕ ਲਿਬਰਲ ਪਾਰਟੀ ਦੇ ਸਰਗਈ ਮਾਰਚੀ ਅਨੁਸਾਰ ਸਰਕਾਰ ਤਾਂ ਇਸ ਸਾਲ ਦਾ ਟੀਚਾ ਵੀ ਨਹੀਂ ਪੂਰਾ ਕਰ ਸਕੇਗੀ। ਸਰਕਾਰ ਨੇ ਇਸ ਟੀਚੇ ਨੂੰ ਪੂਰਾ ਕਰਨ ਲਈ ਪੂਰਾ ਸਟਾਫ ਅਤੇ ਹੋਰ ਸਹੂਲਤਾਂ ਮੁਹੱਈਆ ਨਹੀਂ ਕੀਤੀਆਂ।

ਮਾਰਚੀ ਅਨੁਸਾਰ ਨਾ ਪੂਰੇ ਹੋਣ ਯੋਗ ਟੀਚੇ ਮਿਥਣਾ ਫਜ਼ੂਲ ਹੈ। ਸਰਕਾਰ ਨੂੰ ਬਾਹਰਲੇ ਦੇਸ਼ਾਂ 'ਚ ਸਥਿਤ ਕੌਂਸਲੇਟਾਂ ਦੇ ਦਫਤਰਾਂ 'ਚ ਕੰਮ ਕਰਦੇ ਸਟਾਫ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ ਜੋ ਕੈਨੇਡਾ ਆਉਣ ਦੇ ਚਾਹਵਾਨਾਂ ਦੀਆਂ ਦਰਖਾਸਤਾਂ ਨੂੰ ਨਿਪਟਾਉਂਦੇ ਹਨ। ਸਟਾਫ ਦੀ ਘਾਟ ਟੀਚੇ ਪੂਰੇ ਕਰਨ ਦੇ ਰਾਹ 'ਚ ਰੋੜਾ ਅਟਕਾਉਂਦੀ ਹੈ।

ਮਿਸਟਰ ਮਾਰਚੀ ਨੇ ਹੋਰ ਕਿਹਾ ਕਿ ਸਰਕਾਰ ਅਤੇ ਮੰਤਰੀ ਇਹ ਕਹਿ ਕੇ ਗਲੱਤ ਬਿਆਨੀ ਕਰ ਰਹੇ ਹਨ ਕਿ ਐਤਕੀਂ 115.000 ਆਵਾਸੀ ਕੈਨੇਡਾ ਆਉਣਗੇ। ਅਸਲੀਅਤ ਇਹ ਹੈ ਕਿ ਇਹ ਗਿਣਤੀ 85,000 ਤੋਂ ਉਪਰ ਨਹੀਂ ਟੱਪਣ ਲੱਗੀ।

ਐਨ. ਡੀ. ਪੀ. ਦਾ ਬੁਲਾਰਾ ਡਾਨ ਹੀਪ ਵੀ ਇਸ ਗੱਲ ਨਾਲ ਸਹਿਮਤ ਹੈ ਕਿ ਟੀਚੇ ਪੂਰੇ ਨਹੀਂ ਹੋਣਗੇ। ਟੀਚੇ ਮਿਥਣ ਨਾਲ ਹੀ ਜ਼ਿਆਦਾ ਲੋਕ ਨਹੀਂ ਆ ਸਕਦੇ।

ਆਵਾਸੀ ਮੰਤਰੀ ਵੀਨਰ ਅਨੁਸਾਰ ਇਹ ਵਾਧਾ ਕੈਨੇਡਾ ਦੀ ਆਬਾਦੀ ਦਾ ਸੰਤੁਲਨ ਬਣਾਈ ਰੱਖੇਗਾ। ਇਹ ਪ੍ਰਸਤਾਵਤ ਵਾਧਾ ਇਸ ਗੱਲ ਦੀ ਵੀ ਪ੍ਰੋੜ੍ਹਤਾ ਕਰਦਾ ਹੈ ਕਿ ਕੈਨੇਡਾ ਸਮਾਜਿਕ ਨਿਆਂ, ਬਰਾਬਰੀ ਅਤੇ ਸਾਡੀ ਕੌਮ ਦੇ ਬਹੁ ਰੰਗੇ ਸਭਿਆਚਾਰ ਦਾ ਹਾਮੀ ਹੈ।

## ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ ਸਾਰਿਆਂ ਨੂੰ ਵਧਾਈ ਹੋਵੇ



ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

ROYAL new & used FURNITURE

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)



ਪਾਲ ਡੂਰ



# ਵੈਨਕੂਵਰ ਦੇ ਸਾਰੇ ਨਿਵਾਸੀਆਂ ਨੂੰ ਸਹੀ ਬਰਾਬਰੀ ਲਈ ਵਚਨਬੱਧ ਹੈ

ਲੋਕਤੰਤਰੀ ਅਦਰਸ਼ਾਂ ਨੂੰ ਅਸਲੀ ਰੂਪ ਦੇਣ ਲਈ ਕਰੜੀ ਮਿਹਨਤ ਕਰਨੀ ਪੈਂਦੀ ਹੈ। ਸਕੂਲ ਬੋਰਡ, ਪਾਰਕ ਬੋਰਡ ਅਤੇ ਸਿਟੀ ਕੌਂਸਲ ਦੇ ਮਸਲਿਆਂ 'ਚ ਕੋਪ ਉਨ੍ਹਾਂ ਨੀਤੀਆਂ ਲਈ ਲੜੀ ਹੈ ਜੋ ਸਾਡੇ ਸ਼ਹਿਰੀਆਂ ਦੇ ਬਰਾਬਰ ਵਿਦਿਆ ਅਤੇ ਬਰਾਬਰ ਰੁਜ਼ਗਾਰ ਦੇ ਮੌਕੇ ਵਰਗੇ ਹੱਕਾਂ ਦੀ ਪ੍ਰੋੜ੍ਹਤਾ ਕਰਦੀਆਂ ਹਨ।

## ਮਨੁੱਖੀ ਅਧਿਕਾਰ

ਮਿਊਂਸਪਲ ਪ੍ਰਬੰਧ ਦੇ ਹਰ ਪੱਧਰ 'ਤੇ ਕੋਪ ਨੇ ਵਿਤਕਰੇ ਦੀ ਹਰ ਨੀਤੀ ਦਾ ਵਿਰੋਧ ਕੀਤਾ ਹੈ। ਕੋਪ ਐਲਡਰਮੈਨਾਂ ਨੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨ ਦੇ ਘੇਰੇ ਨੂੰ ਘੱਟ ਕਰਨ ਦੀ ਵਿਰੋਧਤਾ ਕੀਤੀ ਅਤੇ ਸਿਟੀ ਹਾਲ 'ਚ ਮਨੁੱਖੀ ਅਧਿਕਾਰਾਂ ਦੇ ਅਧਿਕਾਰੀ ਲਈ ਕੰਮ ਕੀਤਾ ਤਾਂ ਜੋ ਸਾਰਿਆਂ ਲਈ ਬਰਾਬਰ ਮੌਕੇ ਮੁਹਈਆ ਹੋ ਸਕਣ।

## ਨਸਲੀ ਸਬੰਧ

ਸਿਟੀ ਕੌਂਸਲ ਅਤੇ ਸਕੂਲ ਬੋਰਡ 'ਚ ਕੋਪ ਐਲਡਰਮੈਨਾਂ ਅਤੇ ਟਰੱਸਟੀਆਂ ਨੇ ਨਸਲੀ ਵਿਤਕਰੇ ਨੂੰ ਗੁੱਠੇ ਲਾਉਣਾ ਅਤੇ ਰੁਜ਼ਗਾਰ ਦੇ ਬਰਾਬਰ ਹੱਕ ਮੁਹਈਆ ਕਰਨ ਲਈ ਅਗਵਾਈ ਕੀਤੀ। ਵਿਦਿਆ ਦੇ ਖੇਤਰ 'ਚ ਇਮੀਗਰਾਂਟ ਵਿਦਿਆਰਥੀ ਬਿਨ੍ਹਾਂ ਕਿਸੇ ਨਸਲੀ ਵਿਤਕਰੇ ਦੇ ਇੱਜ਼ਤ ਮਾਣ ਅਤੇ ਸ਼ਾਨ ਨਾਲ ਪੁਲਾਂਘਾਂ ਪੁੱਟ ਸਕਣ, ਵਰਗੇ ਕਾਰਜ ਲਈ ਵੀ ਕੋਪ ਨੇ ਨਵੇਂ ਪ੍ਰੋਗਰਾਮ ਆਰੰਭੇ ਹਨ।

## ਅੰਗਰੇਜ਼ੀ ਦੂਜੀ ਭਾਸ਼ਾ ਦੇ ਤੌਰ 'ਤੇ

ਵੈਨਕੂਵਰ ਦੇ ਲਗਭਗ ਅੱਧੇ ਵਿਦਿਆਰਥੀ ਉਨ੍ਹਾਂ ਦੇਸ਼ਾਂ 'ਚੋਂ ਆਏ ਹਨ, ਜਿਨ੍ਹਾਂ ਦੀ ਅੰਗਰੇਜ਼ੀ ਦੂਜੀ ਭਾਸ਼ਾ ਹੈ। ਕੋਪ ਇਨ੍ਹਾਂ ਵਿਦਿਆਰਥੀਆਂ ਲਈ ਵਿਦਿਆ ਦੇ ਉਹ ਪੂਰੇ ਲਾਭ ਪਹੁੰਚਾਉਣ ਲਈ ਪ੍ਰਤੀਬਧ ਹੈ ਜੋ ਲਾਭ ਪ੍ਰੋਵਿੰਸ਼ਲ ਸਰਕਾਰ ਨੇ ਘਟਾ ਦਿਤੇ ਹਨ।

## ਵੈਨਕੂਵਰ 'ਚ 15 ਨਵੰਬਰ, ਦਿਨ ਸ਼ਨਿਚਰਵਾਰ ਵੋਟਾਂ ਦਾ ਦਿਨ ਹੈ

ਮਿਊਂਸਪਲ ਸਰਕਾਰ 'ਚ ਤੁਹਾਡੀ ਵੋਟ ਦਾ ਸਹੀ ਮੁੱਲ ਪਵੇ ਅਤੇ ਅਸਲੀ ਬਰਾਬਰੀ ਯਕੀਨੀ ਬਣਾਉਣ ਲਈ ਮੇਅਰ ਲਈ ਹੈਰੀ ਰਿੰਕਨ ਅਤੇ ਸਕੂਲ ਬੋਰਡ, ਪਾਰਕ ਬੋਰਡ ਅਤੇ ਸਿਟੀ ਕੌਂਸਲ ਲਈ ਕੋਪ ਦੇ ਉਮੀਦਵਾਰਾਂ ਨੂੰ ਵੋਟ ਪਾਓ।

**COPE**
*working for*
**Vancouver**

**Harry Rankin for Mayor**

# 'ਬੱਬਰ ਖਾਲਸਾ' ਨਾਲ ਸਬੰਧਤ ਕਥਿਤ ਦੋਸ਼ੀਆਂ ਦੇ ਕੇਸ ਦੀ ਕੋਰਟ ਵਿਚ ਪੇਸ਼ੀ

ਹੈਮਿਲਟਨ — ਭਾਰਤ ਦੀ ਪਾਰਲੀਮੈਂਟ ਨੂੰ ਉਡਾਉਣ ਅਤੇ ਪਾਰਲੀਮੈਂਟ ਦੇ ਕਿਸੇ ਮੈਂਬਰ ਦੇ ਬੱਚਿਆਂ ਨੂੰ ਇਸ ਮੰਤਵ ਲਈ ਅਗਵਾ ਕਰਨ ਦੀ ਸਾਜ਼ਸ਼ ਰਚਣ ਦੇ ਦੋਸ਼ 'ਚ ਗ੍ਰਿਫਤਾਰ ਕੀਤੇ ਸੱਤ ਵਿਅਕਤੀਆਂ ਦੇ ਕੇਸ ਦੀ ਸੁਣਵਾਈ ਇਥੇ ਸ਼ੁਰੂ ਹੋਈ।

ਮੁਢਲੀ ਸੁਣਵਾਈ ਦਰਮਿਆਨ ਦੋ ਵਿਅਕਤੀਆਂ ਤੇ ਇਹ ਦੋਸ਼ ਲਾਇਆ ਗਿਆ ਕਿ ਇਹ ਅਪਰਾਧ ਕਰਨ ਲਈ ਭਾਰਤ ਜਾਣ ਲਈ ਉਨ੍ਹਾਂ ਨੇ ਨਵੇਂ ਕੈਨੇਡੀਅਨ ਪਾਸਪੋਰਟ ਪ੍ਰਾਪਤ ਕੀਤੇ।

ਇਸ ਗਰੁੱਪ ਦੇ ਮੈਂਬਰ ਤਜਿੰਦਰ ਸਿੰਘ ਕਲੋਅ ਨੇ ਲੰਡਨ ਅਤੇ ਪਾਕਿਸਤਾਨ ਰਾਹੀਂ ਭਾਰਤ ਜਾਣ ਤੋਂ ਤਿੰਨ ਦਿਨ ਪਹਿਲਾਂ 10 ਜੂਨ ਨੂੰ ਕੈਨੇਡੀਅਨ ਅਧਿਕਾਰੀਆਂ ਨੂੰ ਕਿਹਾ ਕਿ ਉਹਦਾ ਪਾਸਪੋਰਟ ਧੋਤੇ ਜਾਣ ਕਾਰਨ ਨਸ਼ਟ ਹੋ ਗਿਆ ਹੈ। ਫਿਰ ਉਸ ਨੇ ਇਹ ਵੀ ਕਿਹਾ ਕਿ ਉਹਦਾ ਕੈਨੇਡੀਅਨ ਸਿਟੀਜਨਸ਼ਿਪ ਕਾਰਡ ਵੀ ਗੁੰਮ ਹੋ ਗਿਆ ਹੈ। ਸਥਾਨਕ ਸਿਟੀਜਨਸ਼ਿਪ ਅਫਸਰ ਸਰਾਹ ਗਰੀਫਿਨ ਨੇ ਕਲੋਅ ਨੂੰ ਪਾਸਪੋਰਟ ਦਫਤਰ ਲਈ ਚਿੱਠੀ ਦਿਤੀ। ਕਲੋਅ ਨੇ ਇਸ ਦੇ ਆਧਾਰ 'ਤੇ 13 ਜੂਨ ਨੂੰ ਨਵਾਂ ਪਾਸਪੋਰਟ ਲੈ ਲਿਆ। ਇਸ ਦਿਨ ਹੀ ਕਲੋਅ ਦੀ ਲੰਡਨ ਲਈ ਰਵਾਨਗੀ ਸੀ। ਸਥਾਨਕ ਪਾਸਪੋਰਟ ਕਲਰਕ ਨੇ ਇਹਦੀ ਪੁਸ਼ਟੀ ਕੀਤੀ ਹੈ। ਜਦ ਕਲਰਕ ਨੇ ਕਲੋਅ ਨੂੰ ਪੁਛਿਆ ਕਿ ਉਹ ਇਨੀ ਛੇਤੀ ਪਾਸਪੋਰਟ ਕਿਉਂ ਚਾਹੁੰਦਾ ਹੈ ਤਾਂ ਦੂਸਰੇ ਵਿਅਕਤੀ ਦਲਜੀਤ ਸਿੰਘ ਦਿਉਲ ਨੇ ਕਿਹਾ ਕਿ ਉਹ ਲੰਡਨ 'ਚ ਇਕ ਵਿਆਹ ਦੀ ਰਸਮ 'ਚ ਸ਼ਾਮਲ ਹੋਣਾ ਚਾਹੁੰਦੇ ਹਨ।

ਇਸੇ ਗਰੁੱਪ ਦੇ ਤੀਸਰੇ ਮੈਂਬਰ ਸਰਮੁਖ ਸਿੰਘ ਨੇ 9 ਜੂਨ ਨੂੰ ਪਾਸਪੋਰਟ ਲਈ ਅਪਲਾਈ ਕੀਤਾ ਅਤੇ 12 ਜੂਨ ਨੂੰ ਉਹਨੂੰ ਪਾਸਪੋਰਟ ਮਿਲ ਗਿਆ।

ਇਸਤਗਾਸੇ ਨੇ ਗਵਾਹੀ ਵਜੋਂ ਜੀਵਨ ਸੁਰੱਖਿਆ ਬੀਮੇ ਦੇ ਇਕ ਏਜੰਟ ਨੂੰ ਪੇਸ਼ ਕੀਤਾ ਜਿਸ ਨੇ ਇਹ ਪੁਸ਼ਟੀ ਕੀਤੀ ਕਿ ਮਿਸਟਰ ਦਿਉਲ ਨੇ ਰਵਾਨਗੀ ਵਾਲੇ ਦਿਨ $200,000 ਦੀ ਪਾਲਸੀ ਖਰੀਦੀ। ਇਹ ਪਾਲਸੀ ਆਤਮ ਹੱਤਿਆ ਰਾਹੀਂ ਮੌਤ ਜਾਂ ਕਿਸੇ ਅਤਿਵਾਦੀ ਕਾਰਵਾਈ ਦੌਰਾਨ ਹੋਈ ਮੌਤ ਨੂੰ ਆਪਣੇ ਘੇਰੇ 'ਚ ਨਹੀਂ ਲਿਆਉਂਦੀ ਸੀ।

ਇਕ ਹੋਰ ਗਵਾਹੀ 'ਚ ਆਰ. ਸੀ. ਐਮ. ਪੀ. ਦੇ ਕਾਰਪੋਰੇਲ ਕੀਨਥ ਗਰਮੇਨ ਨੇ ਦੱਸਿਆ ਕਿ ਕਿਵੇਂ ਉਸਨੇ ਚਾਰ ਮੈਂਬਰੀ ਟੀਮ ਨਾਲ ਮਿਸਟਰ ਕਲੋਅ, ਸਰਮੁਖ ਸਿੰਘ ਅਤੇ ਪਰਮਾਰ ਨੂੰ ਰੇਲ ਯਾਰਡ ਦਾ ਅਧਿਐਨ ਕਰਦੇ ਦੇਖਿਆ।

ਸਾਜ਼ਸ਼ ਵਿਚ ਭਾਰਤ 'ਚ ਰੇਲਾਂ ਨੂੰ ਉਡਾ ਕੇ ਹਜ਼ਾਰਾਂ ਲੋਕਾਂ ਨੂੰ ਮਾਰਨ ਦੀ ਸਕੀਮ ਵੀ ਸੀ। ਫੜੇ ਗਏ ਵਿਅਕਤੀਆਂ 'ਤੇ ਰੇਲਾਂ ਉਡਾਉਣ ਦੀ ਸਾਜ਼ਸ਼ ਰਚਣ ਦੇ ਦੋਸ਼ ਵੀ ਲਾਏ ਗਏ ਹਨ।

ਮੁਢਲੀ ਸੁਣਵਾਈ ਅਗਲੇ ਹਫਤੇ ਦੇ ਅਖੀਰ ਤੱਕ ਪੂਰੀ ਹੋ ਜਾਵੇਗੀ। ਇਸਤਗਾਸੇ ਅਤੇ ਸਫਾਈ ਦੇ ਵਕੀਲ ਜ਼ਿਆਦਾ ਸਮਾਂ ਦਲੀਲਾਂ ਦੇਣ 'ਚ ਹੀ ਲਾਉਣਗੇ ਕਿਉਂਕਿ ਲਗਭਗ ਸਾਰੇ ਸਬੂਤ ਟੈਲੀਫੋਨ ਰਿਕਾਰਡ ਕਰਕੇ ਜਾਂ ਘਰਾਂ 'ਚੋਂ ਇਨ੍ਹਾਂ ਦੀ ਆਪਸੀ ਗਲਬਾਤ ਨੂੰ ਰਿਕਾਰਡ ਕਰਕੇ ਪੇਸ਼ ਕੀਤੇ ਗਏ ਹਨ।

ਕਰਾਊਨ ਅਟਾਰਨੀ ਡੀਨ ਪੈਕੁਅਟ ਨੇ ਕਿਹਾ ਕਿ ਸਬੂਤਾਂ ਵਜੋਂ 98 ਗੱਲਾਂਬਾਤਾਂ ਨੂੰ ਪੇਸ਼ ਕੀਤਾ ਗਿਆ ਹੈ ਅਤੇ ਲਿਖਤੀ ਤੌਰ ਤੇ ਇਹ ਸਬੂਤ 350 ਸਫ਼ਿਆਂ 'ਚ ਸਮਾਉਂਦੇ ਹਨ।

ਇਸਤਗਾਸੇ ਨੇ ਦੋਸ਼ ਲਾਇਆ ਹੈ ਕਿ ਇਸ ਕੇਸ 'ਚ ਫੜੇ ਗਏ ਸੱਤੇ ਵਿਅਕਤੀ ਕੱਟੜਵਾਦੀ ਸਿੱਖ ਜਥੇਬੰਦੀ ਬੱਬਰ ਖਾਲਸਾ ਦੇ ਮੈਂਬਰ ਹਨ। ਇਹ ਜਥੇਬੰਦੀ ਭਾਰਤੀ ਹਿੱਸੇ 'ਚ ਵੱਖਰਾ ਸਿੱਖ ਹੋਮਲੈਂਡ ਬਣਾਉਣਾ ਚਾਹੁੰਦੀ ਹੈ। ਕੈਨੇਡਾ 'ਚ ਬੱਬਰ ਖਾਲਸਾ ਦਾ ਲੀਡਰ ਤਲਵਿੰਦਰ ਸਿੰਘ ਪਰਮਾਰ ਇਸ ਸਾਜ਼ਸ਼ ਦਾ ਸਰਗਣਾ ਹੈ।

ਚਾਰਜ ਕੀਤੇ ਗਏ ਹੋਰ ਵਿਅਕਤੀਆਂ 'ਚ ਸਾਧੂ ਸਿੰਘ ਥਿਆੜਾ, ਰਾਮਪਾਲ ਸਿੰਘ ਢਿੱਲੋਂ ਅਤੇ ਅਜੈਬ ਸਿੰਘ ਬਾਗੜੀ ਸ਼ਾਮਲ ਹਨ।

# ਜਿਥੇ ਸੱਪਾਂ ਦਾ ਹੁਕਮ ਚਲਦਾ ਹੈ

ਨਵੀਂ ਦਿੱਲੀ — ਗੋਆ ਦੇ ਨੇੜੇ ਇਕ ਇੰਜਨੀਅਰਿੰਗ ਫੈਕਟਰੀ ਦੋ ਮਹੀਨੇ ਤੋਂ ਇਸ ਕਰਕੇ ਬੰਦ ਪਈ ਹੈ ਕਿਉਂਕਿ ਮੈਨੇਜਰ ਦੇ ਕਮਰੇ 'ਚ ਸੱਪ ਦੇਵਤਾ ਨੇ ਡੇਰੇ ਲਾਏ ਹੋਏ ਹਨ।

ਜਿਸ ਦਿਨ ਸੱਪ ਬਾਸ ਦੇ ਕਮਰੇ 'ਚ ਵੜਿਆ ਤਾਂ ਹਿੰਦੂ ਧਰਮ ਦੇ ਉਪਾਸ਼ਕ ਬਾਸ ਅਤੇ ਦੂਜੇ ਕਾਮੇ ਮੰਦਰ ਵੱਲ ਪੁਜਾਰੀ ਦੀ ਸਲਾਹ ਲੈਣ ਲਈ ਦੌੜੇ। ਉਹਨਾਂ ਨੂੰ ਦੱਸਿਆ ਗਿਆ ਕਿ 'ਸੱਪ ਦੇਵਤਾ' ਨੂੰ ਪਰੇਸ਼ਾਨ ਨਾ ਕੀਤਾ ਜਾਏ।

'ਸੱਪ ਦੇਵਤਾ' ਨੂੰ ਮਨਾਉਣ ਲਈ ਮੰਨਤਾਂ ਮੰਨੀਆਂ ਗਈਆਂ, ਅਰਦਾਸਾਂ ਕੀਤੀਆਂ ਗਈਆਂ ਪਰ 'ਦੇਵਤਾ ਜੀ' 'ਤੇ ਕੋਈ ਅਸਰ ਨਹੀਂ ਪਿਆ। ਫੈਕਟਰੀ ਦੇ ਹਿੱਸੇਦਾਰਾਂ ਦੀਆਂ ਸ਼ਿਕਾਇਤਾਂ ਵੀ ਸਥਿਤੀ 'ਚ ਸੁਧਾਰ ਨਾ ਕਰ ਸਕੀਆਂ। 'ਸੱਪ ਦੇਵਤਾ' ਨੇ ਬਾਸ ਦਾ ਕਮਰਾ ਖਾਲੀ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਨਤੀਜੇ ਵਜੋਂ ਫੈਕਟਰੀ ਬੰਦ ਪਈ ਹੈ।

# ਪਾਕਿਸਤਾਨ 'ਚ ਫਿਰਕੂ ਦੰਗੇ ਜਾਰੀ

## 60 ਤੋਂ ਵੱਧ ਹਲਾਕ

ਕਰਾਚੀ — ਪਾਕਿਸਤਾਨ 'ਚ ਫਿਰਕੂ ਦੰਗੇ ਜਾਰੀ ਹਨ ਅਤੇ ਪੰਜ ਦਿਨਾਂ 'ਚ ਮਰਨ ਵਾਲਿਆਂ ਦੀ ਗਿਣਤੀ 60 ਤੋਂ ਟੱਪ ਗਈ ਹੈ।

ਇਹ ਹਿੰਸਕ ਝੜਪਾਂ ਮੁਹਾਜਰੀਨ ਅਤੇ ਪਠਾਣ ਫਿਰਕਿਆਂ ਦਰਮਿਆਨ ਹੋ ਰਹੀਆਂ ਹਨ।

ਪ੍ਰਧਾਨ ਮੰਤਰੀ ਜੁਨੇਜੋ ਨੇ ਕਿਹਾ ਹੈ ਕਿ ਫੌਜ ਨੇ ਹਾਲਾਤ 'ਤੇ ਕਾਬੂ ਪਾ ਲਿਆ ਹੈ। ਫੌਜ ਉਸ ਪਹਾੜੀ 'ਤੇ ਵੀ ਕਬਜ਼ਾ ਕਰਨ 'ਚ ਕਾਮਯਾਬ ਹੋ ਗਈ ਹੈ, ਜਿਥੇ ਦੰਗਾਕਾਰੀ ਗੋਲੀਆਂ ਚਲਾਉਂਦੇ ਸਨ।

ਜੁਨੇਜੋ ਨੇ ਹੋਰ ਕਿਹਾ ਕਿ ਇਸ ਫਸਾਦਾਂ ਦੀਆਂ ਘਟਨਾਵਾਂ 'ਚ ਕਿਸੇ ਹੋਰ ਮੁਲਕ ਦਾ ਹੱਥ ਵੀ ਹੋ ਸਕਦਾ ਹੈ ਪਰ ਉਹਨੇ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ।

# ਕੇਂਦਰੀ ਸਰਕਾਰ ਗੋਰਖਾਲੈਂਡ ਦੀ ਮੰਗ ਨੂੰ ਸ਼ਹਿ ਦੇ ਰਹੀ ਹੈ : ਜੋਤੀ ਬਾਸੂ

ਨਵੀਂ ਦਿੱਲੀ — ਪੱਛਮੀ ਬੰਗਾਲ ਦੇ ਮੁਖ ਮੰਤਰੀ ਜੋਤੀ ਬਾਸੂ ਨੇ ਦੋਸ਼ ਲਾਇਆ ਹੈ ਕਿ ਕੇਂਦਰੀ ਸਰਕਾਰ ਗੋਰਖਾਲੈਂਡ ਦੀ ਮੰਗ ਨੂੰ ਸ਼ਹਿ ਦੇ ਰਹੀ ਹੈ। ਮੁਖ ਮੰਤਰੀ ਨੇ ਕਿਹਾ ਕਿ ਇਹ ਬੰਗਾਲ ਨੂੰ ਵੰਡਣ ਦੀ ਇਕ ਸਾਜ਼ਸ਼ ਹੈ।

ਉਧਰ ਪਾਰਲੀਮੈਂਟ ਦੇ ਸੈਸ਼ਨ ਦੇ ਪਹਿਲੇ ਦਿਨ ਵਿਰੋਧੀ ਪਾਰਟੀਆਂ ਨੇ ਵਾਕ ਆਊਟ ਕੀਤਾ। ਵਿਰੋਧੀ ਮੈਂਬਰ ਪ੍ਰਧਾਨ ਮੰਤਰੀ ਦੇ ਇਸ ਬਿਆਨ 'ਤੇ ਬਹਿਸ ਕਰਨ ਦੀ ਮੰਗ ਕਰ ਰਹੇ ਸਨ ਕਿ ਪੱਛਮੀ ਬੰਗਾਲ 'ਚ ਵੱਖਵਾਦੀ ਤਾਕਤਾਂ ਨੂੰ ਕੁਚਲਣ ਦੀ ਜ਼ਿੰਮੇਂਵਾਰੀ ਰਾਜ ਸਰਕਾਰ ਦੀ ਹੈ। ਸਪੀਕਰ ਵਲੋਂ ਬਹਿਸ ਦੀ ਇਜਾਜ਼ਤ ਨਾ ਮਿਲਣ ਤੇ ਵਿਰੋਧੀ ਧਿਰ ਵਾਕ ਆਊਟ ਕਰ ਗਈ।

ਪੱਛਮੀ ਬੰਗਾਲ ਨੂੰ ਪਹਾੜੀ ਇਲਾਕੇ 'ਚ ਅੰਦੋਲਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਥੇ ਨੇਪਾਲੀਆਂ ਦੀ ਗਿਣਤੀ ਜ਼ਿਆਦਾ ਹੈ।

ਗੋਰਖਾਲੈਂਡ ਲਈ ਜਦੋਜਹਿਦ ਕਰ ਰਹੇ ਲੀਡਰਾਂ ਨੇ ਕਿਹਾ ਹੈ ਕਿ ਇਹ ਗਲਤ ਹੈ ਕਿ ਅਸੀਂ ਵੱਖ ਦੇਸ਼ ਦੀ ਮੰਗ ਕਰ ਰਹੇ ਹਾਂ। ਜੇ ਸਾਡੀਆਂ ਮੰਗਾਂ ਨਰਮੀ ਨਾਲ ਨਾ ਮੰਨੀਆਂ ਗਈਆਂ ਤਾਂ ਅਸੀਂ ਹਥਿਆਰ ਉਠਾਉਣ ਲਈ ਮਜਬੂਰ ਹੋਵਾਂਗੇ।

# ਰੀਗਨ ਨੂੰ ਸੈਨੇਟ ਚੋਣਾਂ 'ਚ ਹਾਰ

ਵਾਸ਼ਿੰਗਟਨ — ਅਮਰੀਕਨ ਪ੍ਰਧਾਨ ਰੋਨਲਡ ਰੀਗਨ ਨੂੰ ਸੈਨੇਟ ਦੀਆਂ ਚੋਣਾਂ 'ਚ ਵੱਡੀ ਹਾਰ ਹੋਈ ਅਤੇ ਵਿਰੋਧੀ ਡੈਮੋਕਰੈਟਿਕ ਪਾਰਟੀ ਬਹੁਸੰਮਤੀ ਲੈ ਗਈ ਹੈ।

ਰੀਗਨ ਦੇ ਰਾਜ ਭਾਗ ਦੇ ਅਖੀਰਲੇ ਦੋ ਸਾਲ ਹੁਣ ਸੈਨੇਟ ਨਾਲ ਕਸ਼ਮਕਸ਼ 'ਚ ਹੀ ਨਿਕਲਣਗੇ। ਅਮਰੀਕਾ ਦੇ ਵੋਟਰਾਂ ਨੇ ਸੈਨੇਟ ਦੀਆਂ ਚੋਣਾਂ 'ਚ ਵਿਰੋਧੀ ਧਿਰ ਨੂੰ ਵੋਟਾਂ ਪਾ ਕੇ ਇਹ ਦਿਖਾ ਦਿਤਾ ਹੈ ਕਿ ਰੀਗਨ ਦੀ ਲੋਕ ਪ੍ਰਿਯਤਾ ਕਿੰਨੀ ਕੁ ਹੈ?

ਰਿਟਾਇਰ ਹੋ ਰਹੇ ਹਾਊਸ ਦੇ ਸਪੀਕਰ ਟਿਪ ਨੀਲ ਅਨੁਸਾਰ 'ਜੇ ਕਿਸੇ ਰੀਗਨ ਦੀ ਬੱਲੇ ਬੱਲੇ ਸੀ ਤਾਂ ਹੁਣ ਉਹ ਖਤਮ ਹੋ ਗਈ ਹੈ।'*

ਡੈਮੋਕਰੈਟਿਕ ਪਾਰਟੀ ਨੇ 100 'ਚੋਂ 52 ਸੀਟਾਂ ਜਿੱਤੀਆਂ ਹਨ। ਲੋਕਾਂ ਨੇ ਰੀਗਨ ਦੇ ਪ੍ਰਮਾਣੂ ਪਰੋਗਰਾਮ ਦੇ ਖਿਲਾਫ ਫਤਵਾ ਦਿੱਤਾ ਹੈ।

ਸੁਪਰ ਫੋਟੋ ਸਟੂਡੀਓ
Passport Photos 5 Mins. Service
Quality Portraits
Our Bussiness Weddings
Super Photo Studio
9375 - 120th St. (Scott Rd.) Delta



Memories Restored
ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵ੍ਹਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ
Off. 589-4668
Res. 596-3770

ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473

GM
WESTMINSTER
CHEVROLET OLDSMOBILE
"we run a very simple business"
Telephone (604) 521-7731
1984 ਦੇ ਗਰੈਂਡ ਸੇਲਜ਼ ਮਾਸਟਰ
ਸਾਡੇ ਕੋਲ ਨਵੀਆਂ, ਪੁਰਾਣੀਆਂ ਕਾਰਾਂ, ਸਪੋਰਟਸ ਕਾਰਾਂ, ਪਿਕ ਆਪ ਆਦਿ ਹਨ।
ਆਪ ਆਪਣੀ ਕਾਰ ਵੇਚਣ ਜਾਂ ਖ਼ਰੀਦਣ ਤੋਂ ਪਹਿਲਾਂ ਇਕ ਵਾਰੀ
ਗੁਰਜੀਤ ਬਾਵਾ ਨੂੰ ਮਿਲੋ
ਜਾਂ ਫੂਨ ਜ਼ਰੂਰ ਕਰੋ। ਉਹ ਤੁਹਾਨੂੰ ਵਧੀਆ ਕੀਮਤ ਤੇ ਕਾਰ ਦਿਵਾਉਣਗੇ। ਉਹ ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਵੀ ਕਰਵਾਉਣਗੇ।
BUS. 521-7731
Pager 687-1985 ÷5531
12th. Street at Queens Ave., New Westminster - B.C.






ਗੁਰਜੀਤ ਢੀਂਡਸਾ ਬਾਵਾ

# ਐਨ. ਡੀ. ਪੀ. ਦੋ ਸੀਟਾਂ ਹੋਰ ਜਿੱਤ ਗਈ

## ਜੋਨ ਸਮਾਲਵੁਡ ਤੇ ਡਾਰਲੀਨ ਮਰਜਾਰੀ ਨੇ ਸੀਟਾਂ ਜਿੱਤੀਆਂ ।



JOAN SMALLWOOD



DARLENE MARZARI

ਸ਼ੇਕਸ਼ਨ 80 ਦੀਆਂ ਵੋਟਾਂ ਦੀ ਗਿਣਤੀ ਨੇ ਐਨ. ਡੀ. ਪੀ. ਨੂੰ ਦੋ ਸੀਟਾਂ ਹੋਰ ਦੇ ਕੇ ਕੁਲ ਗਿਣਤੀ 22 ਕਰ ਦਿੱਤੀ ਹੈ ।

ਸਰੀ-ਗਿਲਫਰਡ ਵੈਲੀ ਚੋਣ ਹਲਕੇ ਤੋਂ ਜਿਥੇ ਕਿ ਐਨ. ਡੀ. ਪੀ. ਦੀ ਉਮੀਦਵਾਰ ਜੋਨ ਸਮਾਲਵੁਡ ਪਹਿਲਾਂ 34 ਵੋਟਾਂ ਨਾਲ ਪਿਛੇ ਸੀ, ਸ਼ੇਕਸ਼ਨ 80 ਦੀਆਂ ਵੋਟਾਂ ਦੀ ਗਿਣਤੀ ਤੋਂ ਬਾਅਦ 158 ਨਾਲ ਜੇਤੂ ਕਰਾਰ ਦਿਤੀ ਗਈ ਹੈ

ਐਨ. ਡੀ. ਪੀ. ਨੂੰ ਦੂਜੀ ਜਿੱਤ ਵੈਨਕੂਵਰ ਪੋਇੰਟ ਗਰੇਅ ਹਲਕੇ ਤੋਂ ਮਿਲੀ । ਇਥੇ ਇਹ ਸੀਟ ਪਾਰਟੀ ਦੀ ਉਮੀਦਵਾਰ ਡਾਰਲੀਨ ਮਾਰਜਰੀ ਨੇ ਸਾਇੰਸ ਅਤੇ ਅੰਤਰਰਾਸ਼ਟਰੀ ਵਪਾਰ ਮੰਤਰੀ ਮੈਕਗੀਰ ਨੂੰ ਹਰਾ ਕੇ ਜਿੱਤੀ ।

ਐਨੰ. ਡੀ. ਪੀ. ਨੇ ਕੈਮਲੂਪਸ 'ਚ ਵੀ ਦੁਆਰਾ ਗਿਣਤੀ ਕਰਾਏ ਜਾਣ ਦੀ ਮੰਗ ਕੀਤੀ ਹੈ ।

ਦੋ ਸੀਟਾਂ ਹੱਥੋਂ ਗੁਆਉਣ ਨਾਲ ਸੋਕਰਡ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਘੱਟ ਕੇ 47 ਰਹਿ ਗਈ ਹੈ ।

ਅਬ ਕੋਈ ਗੁਲਸ਼ਨ ਨਾ ਉਜੜੇ  
ਅਬ ਵਤਨ ਆਜ਼ਾਦ ਹੈ ।  
ਰੂਹ ਗੰਗਾ ਕੀ ਹਿਮਾਲਯ  
ਕਾ ਬਦਨ ਆਜ਼ਾਦ ਹੈ ।

# ਪਾਕਿਸਤਾਨ ਪ੍ਰਮਾਣੂ ਬੰਬ ਬਣਾਉਣ ਦੇ ਨੇੜੇ

ਵਾਸ਼ਿੰਗਟਨ — 'ਵਾਸ਼ਿੰਗਟਨ ਪੋਸਟ' ਦੀ ਇਤਲਾਹ ਅਨੁਸਾਰ ਪਾਕਿਸਤਾਨ ਨੇ ਪ੍ਰਮਾਣੂ ਬੰਬ ਬਣਾਉਣ ਲਈ ਯੂਰੇਨੀਅਮ ਤਿਆਰ ਕਰ ਲਿਆ ਹੈ ਅਤੇ ਪਾਕਿਸਤਾਨ ਨੇ ਪਿਛਲੇ ਮਹੀਨੇ ਇਸ ਦੀ ਪਰਖ ਵੀ ਕੀਤੀ ਹੈ ।

ਅਖਬਾਰ ਨੇ ਅਮਰੀਕੀ ਸੁਰੱਖਿਆ ਇੰਨਟੈਲੀਜੈਂਸ ਏਜੰਸੀ ਦੀ ਇਕ ਰਿਪੋਰਟ ਦਾ ਹਵਾਲਾ ਦਿਤਾ ਹੈ । ਰਿਪੋਰਟ ਅਨੁਸਾਰ ਇਸ ਧਮਾਕੇ ਤੋਂ ਲਗਦਾ ਹੈ ਕਿ ਪਾਕਿਸਤਾਨ ਪ੍ਰਮਾਣੂ ਬੰਬ ਬਣਾਉਣ ਦੇ ਬਹੁਤ ਨੇੜੇ ਆ ਪਹੁੰਚਿਆ ਹੈ ।

ਉਧਰ ਭਾਰਤੀ ਅਧਿਕਾਰੀਆਂ ਨੇ ਇਸ ਖਬਰ ਨੂੰ ਅਮਰੀਕਾ ਦੀ ਗਲਤ ਫਹਿਮੀ ਦੱਸਿਆ ਹੈ । ਭਾਰਤ ਪਾਕਿਸਤਾਨ ਦੇ ਪ੍ਰਮਾਣੂ ਪ੍ਰੋਗਰਾਮਾਂ ਉਪਰ ਕੜੀ ਨਜ਼ਰ ਰੱਖ ਰਿਹਾ ਹੈ । ਅਧਿਕਾਰੀਆਂ ਅਨੁਸਾਰ ਅਮਰੀਕਾ ਨੇ ਇਕ ਭੂਚਾਲ ਨੂੰ ਪ੍ਰਮਾਣੂ ਤਜਰਬਾ ਸਮਝ ਲਿਆ ।

ਇਸੇ ਸਮੇਂ ਅਮਰੀਕਾ ਨੇ ਪਾਕਿਸਤਾਨ ਨੂੰ ਚਿਤਾਵਨੀ ਦਿਤੀ ਹੈ ਕਿ ਜੇ ਉਹਨੇ ਪ੍ਰਮਾਣੂ ਬੰਬ ਬਣਾਇਆ ਤਾਂ ਇਸਦੇ ਗੰਭੀਰ ਸਿੱਟੇ ਨਿਕਲਣਗੇ । ਪਾਕਿਸਤਾਨ ਨੂੰ ਦਿੱਤੀ ਜਾਂਦੀ ਅਮਰੀਕਨ ਸਹਾਇਤਾ ਵੀ ਬੰਦ ਕੀਤੀ ਜਾ ਸਕਦੀ ਹੈ ।

ਹੁਣੇ ਹੁਣੇ ਪੁੱਜੀ ਖਬਰ ਅਨੁਸਾਰ ਪਾਕਿਸਤਾਨ ਨੇ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ ਕਿ ਪਾਕਿਸਤਾਨ ਪ੍ਰਮਾਣੂ ਬੰਬ ਬਣਾ ਰਿਹਾ ਹੈ ।

# ਹਵਾਈ ਹਾਦਸੇ 'ਚ 103 ਈਰਾਨੀ ਫੌਜੀ ਮਰੇ

ਤਹਿਰਾਨ — ਇਰਾਨ ਦੇ ਇਕ ਮਿਲਟਰੀ ਹਵਾਈ ਜਹਾਜ਼ ਨੂੰ ਹਾਦਸਾ ਪੇਸ਼ ਆਉਣ ਨਾਲ 103 ਫੌਜੀਆਂ ਦੇ ਮਰ ਜਾਣ ਦੀ ਖਬਰ ਹੈ । ਇਰਾਨੀ ਅਧਿਕਾਰੀਆਂ ਅਨੁਸਾਰ ਇਹ ਦੁਰਘਟਨਾ ਅਫਗਾਨ ਬਾਰਡਰ ਨੇੜੇ ਵਾਪਰੀ ।

ਇਹ ਦੁਰਘਟਨਾ ਗ੍ਰਸਤ ਹਵਾਈ ਜਹਾਜ਼ ਫੌਜੀਆਂ ਨੂੰ ਲੈ ਕੇ ਜਾ ਰਿਹਾ ਸੀ । ਘਟਨਾ ਦਾ ਕਾਰਨ ਉਚਾਈ ਮਾਪਕ ਯੰਤਰ ਦਾ ਟੁੱਟ ਜਾਣਾ ਦੱਸਿਆ ਗਿਆ ਹੈ ।

# ਟੈਲੀਫੋਨ ਨਿਊਜ਼ ਸਰਵਿਸ

ਇੰਡੀਅਨ ਕੌਂਸਲਰ ਦੀ ਇਕ ਪ੍ਰੈਸ ਰਿਲੀਜ਼ ਅਨੁਸਾਰ ਭਾਰਤ ਦੀਆਂ ਤਾਜ਼ੀਆਂ ਖਬਰਾਂ ਦੇਣ ਲਈ ਟੈਲੀਫੋਨ ਨਿਊਜ਼ ਸਰਵਿਸ ਸ਼ੁਰੂ ਕੀਤੀ ਗਈ ਹੈ ।

ਇਹ ਖਬਰਾਂ ਤੁਸੀਂ (604) 681-2635 ਨੰਬਰ 'ਤੇ ਡਾਇਲ ਕਰਕੇ ਰੋਜ਼ਾਨਾ 11 ਵਜੇ ਤੋਂ ਸੁਣ ਸਕਦੇ ਹੋ । ਸ਼ਨਿਚਰਵਾਰ, ਐਤਵਾਰ ਅਤੇ ਹੋਰ ਛੁਟੀਆਂ ਵਾਲੇ ਦਿਨ ਇਹ ਸੇਵਾ ਉਪਲੱਬਧ ਨਹੀਂ ਹੋਵੇਗੀ ।

# ਬੁੱਢਾ ਹੋਇਆ ਖੁਮੀਨੀ .....

ਬੈਰੂਤ — ਈਰਾਨੀ ਲੀਡਰ ਆਇਤਉਲਾ ਖੁਮੀਨੀ ਹੁਣ ਇੰਨਾ ਬੁੱਢਾ ਹੋ ਗਿਆ ਹੈ ਕਿ ਪਾਰਟੀ 'ਚ ਚਲ ਰਹੀ ਕਸ਼ਮਕਸ਼ ਨੂੰ ਕਾਬੂ ਕਰਨ ਦੇ ਯੋਗ ਨਹੀਂ ਰਿਹਾ ।

ਇਕ ਲਿਬਨਾਨੀ ਅਖਬਾਰ ਅਨੁਸਾਰ 86 ਸਾਲਾ ਖੁਮੀਨੀ ਥੋੜਾ ਚਿਰ ਪਹਿਲਾਂ ਪਏ ਇਕ ਵੱਡੇ ਦਿਲ ਦੇ ਦੌਰੇ ਤੋਂ ਬਾਅਦ ਅਜੇ ਵੀ ਬਿਸਤਰੇ 'ਚ ਹੈ । ਉਧਰ ਸੱਤਾ ਹਥਿਆਉਣ ਲਈ ਗਰਮਦਲੀਆਂ ਅਤੇ ਨਰਮਦਲੀਆਂ 'ਚ ਜ਼ੋਰ ਲੱਗ ਰਿਹਾ ਹੈ । ਇਹ ਖਬਰਾਂ ਵੀ ਆ ਰਹੀਆਂ ਹਨ ਕਿ ਸਰਕਾਰ ਵਿਚਲੇ ਕੁਝ ਲੋਕ ਅਮਰੀਕਾ ਨਾਲ ਗੁਪਤ ਸੰਬੰਧ ਰੱਖ ਰਹੇ ਹਨ । ਖੁਮੀਨੀ ਦੀ ਬਿਮਾਰੀ ਨੇ ਉਸਨੂੰ ਪਾਰਟੀ ਨੂੰ ਕੰਟਰੋਲ 'ਚ ਰੱਖਣ ਲਈ ਬੇਵਸ ਕਰ ਦਿੱਤਾ ਹੈ ।

# ਫਿਲਪਾਈਨ 'ਚ ਗੋਲੀਬੰਦੀ ਦਾ ਸਵਾਗਤ

ਮਨੀਲਾ — ਫਿਲਪਾਈਨ ਦੀ ਪ੍ਰਧਾਨ ਕੋਰਾਜੋਨ ਅਕੀਨੋ ਨੇ ਕਮਿਊਨਿਸਟ ਗੁਰੀਲਿਆਂ ਵਲੋਂ 100 ਦਿਨਾਂ ਗੋਲੀਬੰਦੀ ਦਾ ਸਵਾਗਤ ਕੀਤਾ ਹੈ ।

ਸੁਲਹ ਸਫਾਈ ਦਾ ਯਤਨ ਕਰ ਰਹੇ ਸਰਕਾਰੀ ਸੂਤਰਾਂ ਨੇ ਕਿਹਾ ਹੈ ਕਿ ਉਹ ਆਸਵੰਦ ਹਨ ਕਿ ਕੋਈ ਸਮਝੌਤਾ ਹੋ ਜਾਵੇਗਾ ।

ਅਕੀਨੋ ਦੀ ਕੈਬਨਿਟ ਦੇ ਸੂਤਰਾਂ ਨੇ ਇਹ ਹਵਾਲਾ ਦਿਤਾ ਹੈ ਕਿ ਸੁਰਖਿਆ ਮੰਤਰੀ ਵੀ ਗੋਲੀਬੰਦੀ ਨਾਲ ਸਹਿਮਤ ਹੋ ਗਏ ਹਨ ।

# ਕਰਨਲ ਗਦਾਫ਼ੀ ਦੀ ਧੀ ਜਿੰਦਾ

ਨਿਊਯਾਰਕ — ਨਿਊਜ਼ ਵੀਕ ਅਖਬਾਰ ਨੇ ਇੰਕਸ਼ਾਫ ਕੀਤਾ ਹੈ ਕਿ ਲਿਬੀਅਨ ਲੀਡਰ ਮੁਹੰਮਦ ਗਦਾਫੀ ਦੀ ਲੜਕੀ ਜਿੰਦਾ ਹੈ ।

ਕਰਨਲ ਗਦਾਫੀ ਨੇ ਦੋਸ਼ ਲਾਇਆ ਸੀ ਕਿ ਪਿਛਲੇ ਅਪਰੈਲ ਲਿਬੀਆ 'ਤੇ ਅਮਰੀਕਨ ਬੰਬਾਰੀ ਦੌਰਾਨ ਉਸ ਦੀ ਧੀ ਮਾਰੀ ਗਈ ਸੀ ਅਤੇ ਦੋ ਪੁੱਤਰ ਗੰਭੀਰ ਜ਼ਖਮੀ ਹੋ ਗਏ ਸਨ ।

ਨਿਊਜ਼ਵੀਕ ਅਨੁਸਾਰ ਲੜਕੀ ਮਰੀ ਨਹੀਂ ਸੀ ਅਤੇ ਗਦਾਫੀ ਦੇ ਲੜਕੇ ਵੀ ਮਾਮੂਲੀ ਜ਼ਖਮੀ ਹੋਏ ਸਨ ।


ROKKO SAREES & FABRICS
6201 Fraser Street
VANCOUVER
Tel: 327-3033
ਮੰਗਲਵਾਰ 11 ਨਵੰਬਰ, 1986 ਨੂੰ
ਲੌਂਗ-ਵੀਕ ਇੰਡ ਸੇਲ
ਰੋਕੋ ਸਾੜ੍ਹੀਜ਼ ਮੰਗਲਵਾਰ ਨੂੰ ਹਮੇਸ਼ਾ ਖੁਲ੍ਹਾ ਹੈ




ਰੋਕੋ ਸਾੜ੍ਹੀਜ਼ ਉਤੇ
ਮੰਗਲਵਾਰ 11 ਨਵੰਬਰ 1986 ਨੂੰ
ਸਪੈਸ਼ਲ ਸਪੈਸ਼ਲ ਸੇਲ
ਪ੍ਰਿੰਟਿਡ ਕਰੇਪ ਡੀਸ਼ੀਨ ਦਾ ਸੂਟ 4 ਗਜ਼ $4.99
ਗੁਰੂ ਬਾਜ਼ਾਰ ਅਤੇ ਰੋਕੋ ਸਾੜ੍ਹੀਜ਼ ਲਈ
ਸੇਲ ਸਟਾਫ਼ ਦੀ ਲੋੜ ਹੈ
ਅਪਲਾਈ ਰੋਕੋ ਸਾੜ੍ਹੀਜ਼ ਉਤੇ ਕਰੋ

# ਪੰਜਾਬ ਸਰਕਾਰ ਦੇ ਖੀਸੇ ਖਾਲੀ

ਚੰਡੀਗੜ੍ਹ — ਸਿਖ ਪਰਿਵਾਰਾਂ ਦੀ ਸਹਾਇਤਾ ਅਤੇ ਕਾਨੂੰਨ ਵਿਵਸਥਾ ਦੇ ਨਾਮ ਉਤੇ ਹੋਏ ਕਰੋੜਾਂ ਰੁਪਏ ਦੇ ਖਰਚ ਨੇ ਪੰਜਾਬ ਦੀ ਕਮਰ ਤੋੜ ਕੇ ਰੱਖ ਦਿਤੀ ਹੈ। ਆਰਥਿਕ ਸਥਿਤੀ ਇਕਦਮ ਜਰਜ਼ਰ ਹੋ ਚੁਕੀ ਹੈ, ਜਿਸ ਨੂੰ ਸੁਧਾਰਨ ਦੀ ਕੋਸ਼ਿਸ਼ ਫਿਲਹਾਲ ਨਜ਼ਰ ਨਹੀਂ ਆ ਰਹੀ। ਚਾਲੂ ਵਿਤ ਸਾਲ ਦੇ ਲਈ ਬਜਟ ਵਿਚ ਸਰਕਾਰੀ ਖਰਚ ਰਾਸ਼ੀ ਦੀ ਹੱਦ ਪੰਜ ਹਜ਼ਾਰ ਛੇ ਸੌ ਕਰੋੜ ਨਿਰਧਾਰਿਤ ਸੀ ਜਿਸ ਵਿਚੋਂ ਬਹੁਤ ਰਾਸ਼ੀ ਅਗਸਤ ਦੇ ਮਹੀਨੇ ਵਿਚ ਹੀ ਖਤਮ ਹੋ ਚੁਕੀ ਹੈ। ਰਾਜ ਸਰਕਾਰ ਦੇ ਸਾਹਮਣੇ ਜਬਰਦਸਤ ਆਰਥਿਕ ਸੰਕਟ ਆ ਕੇ ਖੜਾ ਹੋ ਗਿਆ ਹੈ ਜਿਸ ਨੂੰ ਦੇਖ ਕੇ ਮੁਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਨੇ ਵਿਤ ਮੰਤਰੀ ਸ੍ਰੀ ਬਲਵੰਤ ਸਿੰਘ ਨੂੰ ਦਿੱਲੀ ਸਰਕਾਰ ਦੇ ਕੋਲ ਭੇਜਿਆ, ਵਿਤ ਮੰਤਰੀ ਖਾਲੀ ਹੱਥ ਵਾਪਸ ਆ ਗਏ।

ਸ੍ਰੀ ਬਲਵੰਤ ਸਿੰਘ ਨੇ ਕਿਹਾ: ਚਾਲੂ ਵਿਤ ਸਾਲ ਦੇ ਲਈ ਸਰਕਾਰੀ ਖਰਚ ਦੀ ਜੋ ਵੀ ਰਾਸ਼ੀ ਨਿਰਧਾਰਤ ਕੀਤੀ ਗਈ ਸੀ ਉਹ ਸਾਰੀ ਦੀ ਸਾਰੀ ਸਾਲ ਦੇ ਪਹਿਲੇ ਛੇ ਮਹੀਨਿਆਂ ਵਿਚ ਸਮਾਪਤ ਹੋ ਚੁਕੀ ਹੈ। ਹੁਣ ਕੇਂਦਰੀ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਵਿਸ਼ੇਸ਼ ਆਰਥਿਕ ਸਹਾਇਤਾ ਦੇਣ ਜਿਸ ਨਾਲ ਰਾਜ ਭਾਗ ਚਲਾਇਆ ਜਾ ਸਕੇ। ਸ੍ਰੀ ਬਲਵੰਤ ਸਿੰਘ ਨੇ ਦੱਸਿਆ ਕਿ ਇਸ ਆਰਥਿਕ ਖਰਚ ਦਾ ਮੁਖ ਕਾਰਨ ਪੰਜਾਬ ਦੀ ਗੜਬੜੀ ਵਾਲੀ ਕਾਨੂੰਨ ਵਿਵਸਥਾ ਹੈ ਜਿਸ ਉਤੇ ਸਭ ਤੋਂ ਜ਼ਿਆਦਾ ਖਰਚ ਕੀਤਾ ਜਾ ਰਿਹਾ ਹੈ। ਇਕ ਉਦਾਹਰਣ ਦਿੰਦੇ ਹੋਏ ਉਹਨਾਂ ਨੇ ਕਿਹਾ ਕਿ ਜਦੋਂ 'ਜਨਤਾ ਅਕਾਲੀ ਸਰਕਾਰ ਵਿਚ ਉਹ ਵਿਤ ਮੰਤਰੀ ਸਨ ਉਹਨਾਂ ਦਿਨਾ ਵਿਚ ਪੁਲਸ ਵਿਭਾਗ ਉਤੇ ਕੁਲ ਮਿਲਾ ਕੇ 18 ਕਰੋੜ ਦਾ ਖਰਚ ਬਜਟ ਵਿਚ ਰਖਿਆ ਗਿਆ ਸੀ ਪ੍ਰੰਤੂ ਸਾਲ 1985-86 ਦੇ ਬਜਟ ਵਿਚ 9 ਕਰੋੜ ਦੀ ਰਾਸ਼ੀ ਰਾਖਵੀਂ ਪਈ ਜਦੋਂ ਕਿ ਕੁਲ ਖਰਚ ਇਸ ਤੋਂ ਕਿਤੇ ਜ਼ਿਆਦਾ ਹੋਵੇਗਾ।

ਵਿੱਤ ਮੰਤਰੀ ਨੇ ਕਿਹਾ ਕਿ ਸ਼ੁਰੂ ਵਿਚ ਹੋਮ ਗਾਰਡ ਦੇ ਜਵਾਨਾਂ ਨੂੰ ਦਿਹਾੜੀ ਉਤੇ ਨਿਯੁਕਤ ਕੀਤਾ ਜਾਂਦਾ ਸੀ ਪ੍ਰੰਤੂ ਹੁਣ ਉਹਨਾਂ ਨੂੰ ਮਾਸਿਕ ਤਨਖਾਹ ਉਤੇ ਰਖਿਆ ਜਾਂਦਾ ਹੈ। ਜਿਸ ਉਤੇ ਚਾਲੂ ਮਾਲੀ ਸਾਲ ਵਿਚ ਦੋ ਕਰੋੜ ਰੁਪਏ ਦਾ ਖਰਚ ਹੋ ਚੁਕਾ ਹੈ ਅਤੇ ਅਜੇ ਹੋਰ ਖਰਚ ਹੋਵੇਗਾ।

ਵਿੱਤ ਮੰਤਰੀ ਦਾ ਕਹਿਣਾ ਹੈ ਕਿ ਸਭ ਤੋਂ ਜ਼ਿਆਦਾ ਖਰਚ ਪੁਲਸ ਅਤੇ ਸੁਰੱਖਿਆ ਦਸਤਿਆਂ ਦੇ ਜਵਾਨਾਂ ਉਤੇ ਕੀਤਾ ਜਾ ਰਿਹਾ ਹੈ ਜੋ ਕੌਮੀ ਏਕਤਾ ਅਤੇ ਅਖੰਡਤਾ ਲਈ ਬੇਹੱਦ ਜ਼ਰੂਰੀ ਹੈ। ਸ੍ਰੀ ਬਲਵੰਤ ਸਿੰਘ ਨੇ ਕਿਹਾ: ਸੁਰਖਿਆ ਦਲ ਦੀ ਕੇਵਲ ਇਕ ਬਟਾਲੀਅਨ ਉਤੇ ਸਾਲ ਵਿਚ ਸੱਠ ਲੱਖ ਰੁਪਏ ਖਰਚ ਹੁੰਦੇ ਹਨ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਭਲੇ ਹੀ ਫਿਲਹਾਲ ਕੇਂਦਰੀ ਵਿੱਤ ਮੰਤਰਾਲੇ ਨੂੰ ਪੰਜਾਬ ਸਰਕਾਰ ਮਦਦ ਦੇ ਮਾਮਲੇ ਵਿਚ 'ਅੰਗੂਠਾ' ਦਿਖਾ ਦਿਤਾ ਹੈ ਪ੍ਰੰਤੂ ਰਾਜਨੀਤਕ ਮਜ਼ਬੂਰੀਆਂ ਦੇ ਕਾਰਨ ਹਰ ਹਾਲ ਵਿਚ ਕੇਂਦਰੀ ਸਰਕਾਰ ਪੰਜਾਬ ਦੀ ਅਕਾਲੀ ਸਰਕਾਰ ਨੂੰ ਹਰ ਸੰਭਵ ਮਦਦ ਦੇਵੇਗੀ। ਰਾਜ ਵਿਚ ਵਪਾਰ ਠੱਪ ਹੋਣ ਦੇ ਕਾਰਨ ਅਤੇ ਉਦਯੋਗਿਕ ਖੇਤਰ ਵਿਚ ਆਈ ਗਿਰਾਵਟ ਨਾਲ, ਵਿਕਰੀ ਕਰ ਦੇ ਨਾਲ ਨਾਲ ਹੋਰ ਕਰਾਂ ਵਿਚ ਜੋ ਭਾਰੀ ਘਾਟ ਆਈ ਹੈ, ਉਸ ਨੇ ਰਾਜ ਸਰਕਾਰ ਦੀ ਆਰਥਿਕ ਦਸ਼ਾ ਨੂੰ ਬੁਰੀ ਤਰ੍ਹਾਂ ਨਾਲ ਕਮਜ਼ੋਰ ਕਰ ਦਿਤਾ ਹੈ।

# ਚੀਸਾਨੋ ਮੌਂਜਬੀਕ ਦੇ ਪ੍ਰਧਾਨ ਬਣੇ

ਮਾਪੂਤੋ — ਜੋਕੀਮ ਚੀਸਾਨੋ ਮੌਂਜਬੀਕ ਦਾ ਪ੍ਰਧਾਨ ਚੁਣਿਆ ਗਿਆ ਹੈ। ਸਾਬਕਾ ਪ੍ਰਧਾਨ ਸਾਮੋਰਾ ਮਾਸ਼ੇਲ ਦੀ ਮੌਤ ਤੋਂ ਬਾਅਦ ਮੌਂਜਬੀਕ ਨੂੰ ਪ੍ਰਧਾਨ ਚੁਣਨ ਲਈ ਕਈ ਦਿਨ ਲੱਗੇ।

47 ਸਾਲਾ ਅਗਾਂਹਵਧੂ ਮਾਰਕਸਵਾਦੀ ਚੀਸਾਨੋ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ 'ਚ ਮੁਖ ਹਿਸਾ ਪਾਇਆ। ਆਜ਼ਾਦੀ ਤੋਂ ਬਾਅਦ ਤੋਂ ਹੀ ਉਹ ਸ਼ੋਸਲਿਸਟ ਸਰਕਾਰ ਦਾ ਬਿਦੇਸ਼ ਮੰਤਰੀ ਬਣਿਆ ਆ ਰਿਹਾ ਹੈ।

ਸਾਬਕਾ ਪ੍ਰਧਾਨ ਮਾਸ਼ੇਲ ਦੀ ਮੌਤ ਤੋਂ ਦੋ ਹਫਤੇ ਬਾਅਦ 120 ਮੈਂਬਰੀ ਸੈਂਟਰਲ ਕਮੇਟੀ ਨੇ ਉਹਨੂੰ ਪਾਰਟੀ ਲੀਡਰ ਚੁਣ ਲਿਆ। ਪ੍ਰਧਾਨਗੀ ਦੇ ਇਸ ਅਹੁਦੇ ਲਈ ਚੀਸਾਨੋ ਨੇ ਡਿਪਟੀ ਪ੍ਰਧਾਨ ਡੋਸ ਸਨਟੋਜ ਨੂੰ ਹਰਾਇਆ।

ਆਪਣੇ ਪਹਿਲੇ ਭਾਸ਼ਨ 'ਚ ਨਵੇਂ ਪ੍ਰਧਾਨ ਨੇ ਕਿਹਾ ਕਿ ਸਰਕਾਰ ਦੀ ਪਹਿਲੀ ਕੋਸ਼ਿਸ਼ ਸੱਜੇ ਪੱਖੀ ਵਿਰੋਧੀਆਂ ਨੂੰ ਕਾਬੂ ਕਰਨ ਦੀ ਹੋਵੇਗੀ। ਜਿਸ ਨੇ ਦੇਸ਼ ਦੀ ਆਰਥਿਕਤਾ ਨੂੰ ਤਬਾਹ ਕੀਤਾ ਹੋਇਆ ਹੈ।

ਇਸ ਸਮੇਂ ਵਿਦਰੋਹੀਆਂ ਨੇ ਕਿਹਾ ਹੈ ਕਿ ਚੀਸਾਨੋ ਦੀ ਚੋਣ ਨਾਲ ਰਾਜਨੀਤਕ ਸਥਿਤੀ 'ਚ ਕੋਈ ਫਰਕ ਨਹੀਂ ਪਏਗਾ ਅਤੇ ਅਸੀਂ ਸਰਕਾਰ ਦਾ ਤਖਤਾ ਉਲਟਾਉਣ ਲਈ ਕੋਸ਼ਿਸ਼ਾਂ ਜਾਰੀ ਰੱਖਾਂਗੇ।

ਚੀਸਾਨੋ ਨੇ ਕਿਹਾ ਕਿ ਉਹ ਪ੍ਰਧਾਨ ਮਾਸ਼ੇਲ ਦੀਆਂ ਪਾਲਸੀਆਂ ਨੂੰ ਅਗਾਂਹ ਤੋਰੇਗਾ।



**JOAQUIM CHISSANO**
**a moderate Marxist**

ਮੌਂਜਬੀਕ 'ਚ ਸਥਿਤ ਪੱਛਮੀ ਰਾਜਨੀਤਕਾਂ ਦਾ ਕਹਿਣਾ ਹੈ ਕਿ ਚੀਸਾਨੋ ਸਿਆਣਾ ਅਤੇ ਹੁਸ਼ਿਆਰ ਵਿਅਕਤੀ ਹੈ ਪਰ ਮਾਸ਼ੇਲ ਦੇ ਵਿਅਕਤੀਤਵ ਤੋਂ ਊਣਾ ਹੈ।

# ਸਾਥੀ ਦਰਸ਼ਨ ਸਿੰਘ ਕੈਨੇਡੀਅਨ ਨੂੰ ਸ਼ਰਧਾਂਜਲੀ

ਦੋ ਨਵੰਬਰ ਦਿਨ ਐਤਵਾਰ ਨੂੰ ਗਿਆਰਾਂ ਵਜੇ ਸਵੇਰੇ ਪੰਜਾਬੀ ਪੀਪਲਜ਼ ਕਲਚਰਲ ਐਸੋਸੀਏਸ਼ਨ ਕੈਲੇਫੋਰਨੀਆ (ਬੇ ਏਰੀਆ) ਦੀ ਮੀਟਿੰਗ ਗ਼ਦਰ ਮੈਮੋਰੀਅਲ ਹਾਲ ਸਾਨਫਰਾਂਸਿਸਕੋ ਵਿਖੇ ਹੋਈ ਜਿਸ ਵਿਚ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਨੂੰ ਸ਼ਰਧਾਂਜਲੀ ਅਰਪਤ ਕੀਤੀ ਗਈ। ਐਸੋਸੀਏਸ਼ਨ ਨੇ ਬਹੁ-ਸੰਮਤੀ ਨਾਲ ਮਤਾ ਪਾਸ ਕਰਕੇ ਉਨ੍ਹਾਂ ਸਾਰੇ ਦਹਿਸ਼ਤਪਸੰਦ ਅਨਸਰਾਂ ਨੂੰ ਸਖਤ ਸ਼ਬਦਾਂ ਨਾਲ ਵਰਜਿਆ ਜਿਨ੍ਹਾਂ ਨੇ ਦਰਸ਼ਨ ਸਿੰਘ ਕੈਨੇਡੀਅਨ ਵਰਗੇ ਮਹਾਨ ਦੇਸ਼ ਭਗਤ — ਲੋਕ ਨੇਤਾ ਨੂੰ ਕਤਲ ਕੀਤਾ।

ਪੰਜਾਬੀ ਪੀਪਲਜ਼ ਐਸੋਸੀਏਸ਼ਨ ਨੇ ਅਜਿਹੇ ਅਨਸਰਾਂ ਦਾ ਮੁਕਾਬਲਾ ਕਰਨ ਲਈ ਲੋਕਾਂ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ। ਅਸੀਂ ਵਿਦੇਸ਼ਾਂ ਵਿਚ ਵਸਦੇ ਭਾਰਤੀ ਸਾਰੇ ਭਾਰਤੀਆਂ ਨੂੰ ਅਪੀਲ ਕਰਦੇ ਹਾਂ ਕਿ ਵੱਖਵਾਦੀ ਅਤੇ ਖਾਲਿਸਤਾਨੀ ਗੁੰਡਾਗਰਦਾਂ ਦਾ ਮੂੰਹ-ਤੋੜ ਜੁਆਬ ਦੇਣ ਤਾਂਕਿ ਇਨ੍ਹਾਂ ਦੇ ਕਾਰਿਆਂ ਨੂੰ ਰੋਕਿਆ ਜਾ ਸਕੇ। ਤੇ ਅਸੀਂ ਸਾਰੇ ਲੋਕ ਭਰਾਤਰੀ ਭਾਵਨਾ ਨਾਲ ਰਹਿ ਸਕੀਏ।

ਮਹਾਨ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਜਿੰਦਾਬਾਦ!
ਲੋਕ-ਏਕਤਾ ਜਿੰਦਾਬਾਦ!
ਵੱਖਵਾਦੀ ਤੇ ਲੋਟੂ ਜਮਾਤਾਂ ਮੁਰਦਾਬਾਦ!

ਵਲੋਂ: ਪੰਜਾਬੀ ਪੀਪਲਜ਼ ਕਲਚਰਲ ਐਸੋ:
ਕੈਲੇਫੋਰਨੀਆ (ਬੇ ਏਰੀਆ)

# ਪੰਜਾਬ ਦੇ ਨਾਰਾਜ਼ ਸਿਖ ਨੌਜਵਾਨਾਂ ਨੂੰ ਸੱਤਾ 'ਚੋਂ ਹਿਸਾ ਦੇਣ ਦੀ ਪੇਸ਼ਕਸ਼

ਅੰਮ੍ਰਿਤਸਰ — "ਨਾਰਾਜ਼ ਸਿਖ ਨੌਜਵਾਨ" ਜੇਕਰ ਹਿਸਾ ਤਿਆਗ ਦੇਣ ਤਾਂ ਸੱਤਾਧਾਰੀ ਅਕਾਲੀ ਦਲ ਪੰਜਾਬ ਦੇ ਵਿਕਾਸ ਤੇ ਬਿਹਤਰੀ ਲਈ ਅਜਿਹੇ ਨੌਜਵਾਨਾਂ ਨਾਲ ਸੱਤਾ ਵੰਡਣ ਨੂੰ ਤਿਆਰ ਹੈ। ਉਕਤ ਗੱਲ ਪੰਜਾਬ ਦੇ ਵਿੱਤ ਮੰਤਰੀ ਬਲਵੰਤ ਸਿੰਘ ਨੇ ਇਥੇ ਸਰਕਾਰੀ ਕਾਲਜ ਵਿਚ ਇਕ ਵਿਸ਼ਾਲ ਕਰਜ਼ਾ ਵੰਡ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਆਖੀ। ਮੰਤਰੀ ਨੇ ਕਿਹਾ ਕਿ ਜੇਕਰ ਹਥਿਆਰ ਚੁੱਕੀ ਫਿਰਦੇ ਨੌਜਵਾਨ ਹੱਥਾਂ 'ਚੋਂ ਹਥਿਆਰ ਸੁੱਟ ਦੇਣ ਤਾਂ ਉਨ੍ਹਾਂ ਹੀ ਹੱਥਾਂ ਵਿਚ ਕੁਝ ਹੋਰ ਦਿਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਮਝੌਤਾ ਲਾਗੂ ਨਾ ਹੋ ਸਕਣ ਕਾਰਨ ਇਥੇ ਤਣਾਓ ਹੈ ਤੇ ਪੰਜਾਬ ਸਮੱਸਿਆ ਦਾ ਇਹ ਇਕ ਮੁਖ ਕਾਰਨ ਹੈ।

ਵਿੱਤ ਮੰਤਰੀ ਨੇ ਦੋਸ਼ ਲਗਾਇਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਵਿਚ ਕੁਝ ਕੁ ਲੋਕਾਂ ਨੇ ਨਿਜੀ ਸੌੜੇ ਹਿੱਤਾਂ ਕਾਰਨ ਪੰਜਾਬ ਸਮਝੌਤੇ ਨੂੰ ਪੇਚੀਦਾ ਬਣਾਇਆ। ਉਨ੍ਹਾਂ ਕਿਹਾ ਕਿ ਹਰਿਆਣਾ ਤੇ ਰਾਜਸਥਾਨ ਵਿਚ ਸੱਤਾਧਾਰੀ ਕਾਂਗਰਸ (ਆਈ) ਦੇ ਹਿੱਤ ਸਮੇਂ ਸਿਰ ਭਾਰੂ ਹੁੰਦੇ ਰਹੇ ਤੇ ਕਾਂਗਰਸ (ਆਈ) ਇਹ ਸਮਝਦੀ ਰਹੀ ਕਿ ਸਮਝੌਤਾ ਲਾਗੂ ਹੋਵੇਗਾ ਤਾਂ ਪੰਜਾਬ ਨੂੰ ਫਾਇਦਾ ਪੁਜੇਗਾ। ਸ: ਬਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਸਮੱਸਿਆ ਦੇ ਤਿੰਨ ਪਹਿਲੂ ਹਨ: ਰਾਜਨੀਤਕ, ਆਰਥਿਕ ਤੇ ਵਿਦੇਸ਼ੀ ਰਾਜਸੀ ਦਖਲ। ਉਨ੍ਹਾਂ ਕਿਹਾ ਕਿ ਵਿਦੇਸ਼ੀ ਦਖਲ ਦਾ ਮਾਮਲਾ ਕੇਂਦਰ ਨੂੰ ਇੰਟਰਨੈਸ਼ਨਲ ਫੋਰਮ ਰਾਹੀਂ ਪਾਕਿਸਤਾਨ ਨਾਲ ਉਠਾਉਣਾ ਚਾਹੀਦਾ ਹੈ ਜਦ ਕਿ ਰਾਜਨੀਤਕ ਤੇ ਆਰਥਿਕ ਮਾਮਲਾ ਕੇਂਦਰ ਰਾਜ ਆਪਸੀ ਸਬੰਧਾਂ ਬਾਰੇ ਸੋਚ ਵਿਚਾਰ ਕਰਕੇ ਨਜਿਠਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ 'ਚ ਵਿਚਰਦੇ ਸਿੱਖ ਨੌਜਵਾਨਾਂ ਨੂੰ ਵਾਪਸ ਲਿਆਉਣ ਦਾ ਮਾਮਲਾ ਕੇਂਦਰ ਨੂੰ ਪਾਕਿਸਤਾਨ ਕੋਲ ਉਠਾਉਣਾ ਚਾਹੀਦਾ ਹੈ ਤਾਂ ਇਕ "ਕਾਰੀਡੋਰ" ਕਾਇਕ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਅਪਰੇਸ਼ਨ ਬਲਿਊ ਸਟਾਰ ਅਤੇ ਫੇਰ ਨਵੰਬਰ 1984 ਦੇ ਦੰਗਿਆਂ ਨਾਲ ਸਿੱਖਾਂ ਦੇ ਮਨਾਂ ਨੂੰ ਸੱਟ ਲੱਗੀ ਸੀ ਪਰ ਕੇਂਦਰ ਨੇ "ਜ਼ਖਮਾਂ 'ਤੇ ਮੱਲ੍ਹਮ" ਲਗਾਉਣ ਦੀ ਗੱਲ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਤੇ ਸਿਰਫ ਅਕਾਲੀ ਸਰਕਾਰ ਨੇ ਆਪਣੇ ਸੀਮਤ ਸਾਧਨਾਂ ਨਾਲ ਇਸ ਪਾਸੇ ਥੋੜ੍ਹਾ ਬਹੁਤ ਕੰਮ ਕੀਤਾ। ਉਨ੍ਹਾਂ ਕਿਹਾ ਕਿ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਿਹਾਅ ਕਰ ਕੇ, ਬੈਰਕਾਂ ਛੱਡਣ ਵਾਲੇ ਫੌਜੀਆਂ ਨੂੰ ਬਹਾਲ ਕਰ ਕੇ ਅਤੇ ਨਵੰਬਰ '84 ਦੇ ਦੰਗਿਆਂ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾ ਦੇ ਕੇ ਕੇਂਦਰ ਬਹੁਤ ਕੁਝ ਕਰ ਸਕਦਾ ਹੈ। ਵਿੱਤ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਸਰਕਾਰ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਨਾ ਕਰ ਸਕੇ ਤੇ ਲੋਕਾਂ ਨੂੰ ਇਕ ਸੂਬੇ 'ਚੋਂ ਉਠ ਕੇ ਦੂਜੇ ਸੂਬੇ ਵਿਚ ਜਾਣਾ ਪਵੇ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਦੇ ਕਾਰਨਾਮਿਆਂ ਤੇ ਬਹਾਦਰੀ ਦਾ ਜ਼ਿਕਰ ਕੀਤਾ।

# ਖਾਲਸਾ ਸਕੂਲ ਵੈਨਕੂਵਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਆਗਮਨ ਗੁਰਪੁਰਬ

ਖਾਲਸਾ ਸਕੂਲ ਵੈਨਕੂਵਰ ਵਿਚ 13 ਨਵੰਬਰ ਦਿਨ ਵੀਰਵਾਰ ਸਵੇਰੇ ਅੱਠ ਵਜੇ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ ਜਿਸਦਾ ਭੋਗ 15 ਨਵੰਬਰ ਦਿਨ ਸ਼ਨਿਚਰਵਾਰ ਸਵੇਰੇ ਅੱਠ ਵਜੇ ਪਵੇਗਾ।

ਉਪਰੰਤ ਗੁਰਬਾਣੀ ਕੀਰਤਨ ਅਤੇ ਗੁਰੂ ਜੀ ਦੀ ਜੀਵਨੀ ਉਪਰ ਵਿਖਿਆਨ ਹੋਣਗੇ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਭ ਸੰਗਤਾਂ ਨੂੰ ਬੇਨਤੀ ਹੈ ਕਿ ਹੁੰਮ ਹੁਮਾ ਕੇ ਦਰਸ਼ਨ ਦੇਵੋ।

ਖਾਲਸਾ ਸਕੂਲ ਦਾ ਪਤਾ:
6010 ਫਰੇਜ਼ਰ ਸਟਰੀਟ ਵੈਨਕੂਵਰ (44 ਐਵੇਨਿਊ)

**ਕੈਨੇਡਾ ਦਰਪਣ ਦੇ ਪਾਠਕਾਂ ਅਤੇ ਵਪਾਰੀ ਵੀਰਾਂ ਲਈ**

'ਕੈਨੇਡਾ ਦਰਪਣ' ਦੇ ਦਫ਼ਤਰ ਦਾ ਸਮਾਂ:
ਸੋਮਵਾਰ ਤੋਂ ਸ਼ੁਕਰਵਾਰ — 10 ਵਜੇ ਤੋਂ 5 ਵਜੇ ਸ਼ਾਮ

ਫੋਨ: 581-4473


**BHANDAL DRYWALL LTD.**

3397 Kingsway, Vancouver, B.C.

Ph. 430-5011

Vice President
**Karnail S. Bhandal**



President
**Jarnail S. Bhandal** M.A.

# ਅਤਿਵਾਦੀ ਵਰਿਆਮ ਸਿੰਘ ਹਲਾਕ
## ਸੁੱਖਾ ਸਿੰਘ ਫੜਿਆ ਗਿਆ

ਚੰਡੀਗੜ੍ਹ — ਮੁਕਤਸਰ ਬੱਸ ਕਤਲ ਕਾਂਡ ਦਾ ਮੁੱਖ ਦੋਸ਼ੀ ਵਰਿਆਮ ਸਿੰਘ 3 ਦਸੰਬਰ ਨੂੰ ਹੋਏ ਪੁਲੀਸ ਮੁਕਾਬਲੇ 'ਚ ਮਾਰਿਆ ਗਿਆ। ਬਦਨਾਮ ਅਤਿਵਾਦੀ ਵਰਿਆਮ ਸਿੰਘ ਖੱਪਿਆਂ ਵਾਲੀ ਪੁਲੀਸ ਨੂੰ ਬਹੁਤ ਸਾਰੇ ਕੇਸਾਂ ਵਿਚ ਲੋੜੀਂਦਾ ਸੀ।

ਇਕ ਹੋਰ ਮਸ਼ਹੂਰ ਅਤਿਵਾਦੀ ਸੁਖਾ ਸਿੰਘ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ। ਸੁਖਾ ਸਿੰਘ ਨੂੰ ਗੁਰਦਾਸਪੁਰ ਜ਼ਿਲ੍ਹੇ 'ਚ ਧਾਰੀਵਾਲ ਨੇੜੇ ਉਹਦੇ ਪਿੰਡ 'ਚੋਂ ਫੜਿਆ ਗਿਆ ਹੈ।

# ਅੰਮ੍ਰਿਤਸਰ ਦੇ ਕਾਲਜ ਅਣਮਿਥੇ ਸਮੇਂ ਲਈ ਬੰਦ

ਅੰਮ੍ਰਿਤਸਰ — ਸਿਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰਾਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਹਿੰਸਾ 'ਤੇ ਉਤਾਰੂ ਫੈਡਰੇਸ਼ਨ ਦੇ ਮੈਂਬਰਾਂ ਦੀ ਰੈਲੀ ਨੂੰ ਖਿੰਡਾਉਣ ਲਈ ਪੁਲੀਸ ਨੂੰ ਗੋਲੀ ਚਲਾਉਣੀ ਪਈ।

ਅੰਮ੍ਰਿਤਸਰ ਦੇ ਸਾਰੇ ਕਾਲਜ ਅਣਮਿਥੇ ਸਮੇਂ ਲਈ ਬੰਦ ਕਰ ਦਿੱਤੇ ਗਏ ਹਨ।

# ਦੋ ਸੰਸਦ ਮੈਂਬਰ ਅਕਾਲੀ ਦਲ 'ਚੋਂ ਖਾਰਜ

ਅੰਮ੍ਰਿਤਸਰ — ਸ਼੍ਰੋਮਣੀ ਅਕਾਲੀ ਦਲ ਨੇ ਸੰਸਦ ਮੈਂਬਰਾਂ ਮੇਵਾ ਸਿੰਘ ਗਿੱਲ ਅਤੇ ਭਾਈ ਸ਼ਮਿੰਦਰ ਸਿੰਘ ਨੂੰ ਦਲ 'ਚੋਂ ਕੱਢ ਦਿਤਾ ਹੈ।

ਉਨ੍ਹਾਂ 'ਤੇ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਅਤੇ ਅਤਿਵਾਦੀਆਂ ਨੂੰ ਸ਼ਹਿ ਦੇਣ ਦੇ ਦੋਸ਼ ਲਾਏ ਗਏ ਹਨ। ਅਕਾਲੀ ਦਲ ਨੇ ਸਪੀਕਰ ਜਾਖੜ ਨੂੰ ਇਸ ਫੈਸਲੇ ਦੀ ਸੂਚਨਾ ਦੇ ਦਿੱਤੀ ਹੈ।

ਇਥੇ ਵਰਨਣਯੋਗ ਹੈ ਕਿ ਇਹ ਦੋਵੇਂ ਮੈਂਬਰ ਪਹਿਲਾਂ ਹੀ ਅਕਾਲੀ ਦਲ ਨਾਲੋਂ ਵੱਖ ਹੋਏ ਬਾਦਲ ਗਰੁੱਪ ਨਾਲ ਸਬੰਧ ਰੱਖਦੇ ਹਨ।

# ਈ. ਐਸ. ਐਲ. ਇੰਗਲਿਸ਼ ਕਲਾਸਾਂ ਲਈ ਤੁਹਾਡਾ ਸੁਆਗਤ ਹੈ

ਇਹ ਕਲਾਸਾਂ 5 ਨਵੰਬਰ ਤੋਂ ਸ਼ੁਰੂ ਹੋ ਕੇ 5 ਦਸੰਬਰ 1986 ਤੱਕ ਚੱਲਣਗੀਆਂ
ਸਥਾਨ — ਲਿਟਲ ਮਾਊਂਨਟੇਨ ਨੇਬਰਹੁੱਡ ਹਾਊਸ — 3981, ਮੇਨ ਸਟਰੀਟ, ਵੈਨਕੂਵਰ।
ਫੀਸ — 20 ਡਾਲਰ (ਇਹਦੇ 'ਚ ਸਹਾਇਕ ਸਮੱਗਰੀ ਦੀ ਕੀਮਤ ਵੀ ਸ਼ਾਮਲ ਹੈ)
ਦਾਖਲੇ ਲਈ ਹੇਠ ਲਿਖੇ ਨੰਬਰਾਂ 'ਤੇ ਫੋਨ ਕੀਤਾ ਜਾ ਸਕਦਾ ਹੈ :
875-6111 — ਲੋਕਲ 559
ਵੀ. ਸੀ. ਸੀ. ਕਿੰਗ ਐਡਵਰਡ ਕੈਂਪਸ
879-7104 (ਲਿਟਲ ਮਾਊਂਨਟੇਨ ਨੇਬਰਹੁੱਡ ਹਾਊਸ)
5 ਨਵੰਬਰ ਦਿਨ ਬੁੱਧਵਾਰ ਨੂੰ ਟੀਚਰ ਕੋਲ ਜਾ ਕੇ ਵੀ ਨਾਂ ਦਰਜ ਕਰਵਾਇਆ ਜਾ ਸਕਦਾ ਹੈ।

# ਸੰਖੇਪ ਪਰ ਵਿਸ਼ੇਸ਼

- ਅਤਿਵਾਦੀਆਂ ਹੱਥੋਂ ਇਕ ਪੁਲੀਸ ਵਾਲਾ ਹਲਾਕ
- ਸਿਨਮੇ 'ਚ ਬੰਬ ਫਟਿਆ, ਕਿਸੇ ਦੀ ਜ਼ਖਮੀ ਹੋਣ ਦੀ ਖਬਰ ਨਹੀਂ।
- 30 ਅਕਤੂਬਰ ਨੂੰ ਜਲੰਧਰ 'ਚ ਅਤਿਵਾਦੀਆਂ ਹੱਥੋਂ ਦੋ ਵਿਅਕਤੀ ਮਾਰੇ ਗਏ ਅਤੇ ਦੋ ਜ਼ਖਮੀ।
- ਸਿਕਉਰਿਟੀ ਊਣਤਾਈਆਂ ਨੂੰ ਲੈ ਕੇ ਪਾਰਲੀਮੈਂਟ 'ਚੋਂ ਵਿਰੋਧੀ ਧਿਰ ਦਾ ਵਾਕ ਆਊਟ।
- ਪ੍ਰਨਾਬ ਨੇ ਨਵੀਂ ਪਾਰਟੀ ਬਣਾਈ।
- ਪੰਜਾਬ 'ਚ 13 ਅਤਿਵਾਦੀ ਗ੍ਰਿਫਤਾਰ।
- ਬ੍ਰਿਟੇਨ ਦੇ ਇਕ ਸਿੱਖ ਨੂੰ ਨਸ਼ੀਲੀਆਂ ਦਵਾਈਆਂ ਦੀ ਸਮਗਲਿੰਗ ਕਰਨ ਦੇ ਦੋਸ਼ 'ਚ ਸਜ਼ਾ।

# ਭਿੰਡਰਾਂਵਾਲਾ ਦੇ ਭਤੀਜੇ ਨੂੰ ਜੇਲ੍ਹ 'ਚੋਂ ਭਜਾਉਣ ਦੀ ਸਾਜ਼ਸ਼?

ਲੰਡਨ — ਬਰਤਾਨੀਆ ਵਿਚਲੀ ਇਕ ਸਿੱਖ ਅਤਿਵਾਦੀ ਜਥੇਬੰਦੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਭਤੀਜੇ ਜਸਵੀਰ ਸਿੰਘ ਨੂੰ ਰਿਹਾਅ ਕਰਵਾਉਣ ਲਈ ਕਾਰਵਾਈ ਦੀ ਪਲਾਨਿੰਗ ਕਰ ਰਹੀ ਹੈ। ਜਸਵੀਰ ਸਿੰਘ ਇਸ ਵੇਲੇ ਭਾਰਤ ਦੀ ਕਿਸੇ ਜੇਲ੍ਹ ਵਿਚ ਬੰਦ ਹੈ। ਅੰਗਰੇਜ਼ੀ ਅਤੇ ਗੁਰਮੁਖੀ ਵਿਚ ਛਪੇ ਇਕ ਦੋਵਰਕੇ ਵਿਚ 'ਇੰਟਰਨੈਸ਼ਨਲ ਸਿਖ ਯੂਥ ਫੈਡਰੇਸ਼ਨ' ਨਾਂ ਦੀ ਜਥੇਬੰਦੀ ਨੇ ਬਰਤਾਨੀਆਂ ਸਰਕਾਰ ਦੀ ਇਸ ਗੱਲ ਲਈ ਨਿੰਦਾ ਕੀਤੀ ਹੈ ਕਿ ਇਸ ਨੇ ਨਵੰਬਰ 1984 ਵਿਚ ਜਸਵੀਰ ਦੇ ਇੰਗਲੈਂਡ ਦਾਖਲੇ ਦੀ ਇਜਾਜ਼ਤ ਨਹੀਂ ਦਿਤੀ ਸੀ। ਇਸ ਵਿਚ ਧਮਕੀ ਦਿਤੀ ਗਈ ਹੈ: "ਵਾਹਿਗੁਰੂ ਦਾ ਅਦਿੱਖ ਹੱਥ ਹੁਣ ਕਾਰਵਾਈ ਕਰੇਗਾ।"

ਦੋਵਰਕੇ ਵਿਚ ਕਿਹਾ ਗਿਆ ਹੈ ਕਿ ਜਸਵੀਰ ਸਿੰਘ ਦਾ ਇੰਗਲੈਂਡ ਤੋਂ ਨਿਕਾਲ ਬਰਤਾਨਵੀ ਅਤੇ ਭਾਰਤੀ ਸਰਕਾਰੀ ਦੀ ਮਿਲੀ ਭੁਗਤ ਦਾ ਸਿੱਟਾ ਸੀ। ਬਰਤਾਨੀਆ ਵਿਚ ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਆਰ. ਸੀ. ਚੋਪੜਾ ਅਰੋੜਾ ਦੀ ਜਸਵੀਰ ਸਿੰਘ ਦੇ ਨਿਕਾਲੇ ਲਈ ਖਾਸ ਤੌਰ 'ਤੇ ਨਿੰਦਾ ਕੀਤੀ ਗਈ ਹੈ। ਯਾਦ ਰਹੇ ਕਿ 14 ਦਸੰਬਰ 1984 ਹੈ ਹੀਥਰੋ ਏਅਰ ਪੋਰਟ 'ਤੇ ਪਹੁੰਚਣ ਸਮੇਂ ਜਸਵੀਰ ਸਿੰਘ ਨੂੰ ਕਿਹਾ ਗਿਆ ਸੀ ਕਿ ਉਸ ਨੂੰ ਬਰਤਾਨੀਆ ਵਿਚ ਦਾਖਲ ਨਹੀਂ ਹੋਣ ਦਿਤਾ ਜਾਵੇਗਾ ਕਿਉਂਕਿ ਉਸ ਦੀ ਮੌਜੂਦਗੀ ਨਾਲ ਦੇਸ਼ ਅੰਦਰ ਗੜਬੜ ਹੋਣ ਦਾ ਅਤੇ ਹਿੰਦ-ਬਰਤਾਨੀਆ ਸਬੰਧ ਖਰਾਬ ਹੋਣ ਦਾ ਖਤਰਾ ਹੈ।

ਇਸ ਤੋਂ ਮਗਰੋਂ ਜਸਵੀਰ ਡੁਬਈ ਰਵਾਨਾ ਹੋ ਗਿਆ ਪਰ ਉਥੇ ਵੀ ਅਧਿਕਾਰੀਆਂ ਉਸ ਨੂੰ ਰੁਕਣ ਨਾ ਦਿੱਤਾ। ਫੇਰ ਉਹ ਬੈਂਕਾਕ ਹੁੰਦਾ ਹੋਇਆ ਮਨੀਲਾ ਪਹੁੰਚਿਆ ਜਿਥੇ ਉਸ ਨੂੰ ਭਾਰਤੀ ਅਧਿਕਾਰੀਆਂ ਦੇ ਹਵਾਲੇ ਕਰ ਦਿਤਾ ਗਿਆ। ਉਸ ਨੂੰ 20 ਦਸੰਬਰ 1984 ਨੂੰ ਭਾਰਤ ਲਿਆਂਦਾ ਗਿਆ।

# 'ਕੈਨੇਡਾ ਦਰਪਣ' ਪੰਜਵੀਂ ਵਰ੍ਹੇ ਗੰਢ ਉ[...]

ਇਸ ਅੰਕ ਨਾਲ 'ਕੈਨੇਡਾ ਦਰਪਣ' ਨੇ ਆਪਣੇ ਚਾਰ ਵਰ੍ਹੇ ਪੂਰੇ ਕਰ ਲਏ ਹਨ ਅਤੇ ਪੰਜਵੇਂ ਵਰ੍ਹੇ ਵਿਚ ਦਾਖਲ ਹੋ ਗਿਆ ਹੈ। ਪਿਛਲੇ ਚਾਰ ਵਰ੍ਹੇ ਪੰਜਾਬੀਆਂ ਦੇ ਜੀਵਨ ਵਿਚ ਅਤੇ ਖਾਸਕਰ ਪੰਜਾਬ ਦੇ ਲੋਕਾਂ ਦੇ ਜੀਵਨ ਵਿਚ ਬੜੇ ਸੰਕਟ ਦੇ ਵਰ੍ਹੇ ਸਨ। ਇਸ ਸੰਕਟ ਵਿਚ ਤਰਕ ਨੂੰ ਤਿਲਾਂਜਲੀ ਦੇ ਕੇ ਕੁਝ ਲੋਕ ਪੰਜਾਬ ਦੀਆਂ ਇਤਿਹਾਸਕ, ਸਮਾਜਕ, ਧਾਰਮਿਕ ਅਤੇ ਸਭਿਆਚਾਰਕ ਪ੍ਰਾਪਤੀਆਂ ਨੂੰ ਅੱਖੋਂ ਪਰੋਖੇ ਕਰਕੇ ਫਿਰਕੂ ਜਨੂੰਨ ਵਰਗੇ ਕੋਹੜ ਦਾ ਸ਼ਿਕਾਰ ਵੀ ਹੋਏ ਜਿਸਦਾ ਸਿੱਟਾ ਬੇਪਨਾਹ ਮਾਸੂਮ ਲੋਕਾਂ ਨੂੰ ਭੁਗਤਣਾ ਪਿਆ ਹੈ ਅਤੇ ਅਜੇ ਵੀ ਭੁਗਤ ਰਹੇ ਹਨ। ਇਸ ਸਾਰੇ ਸਮੇਂ ਵਿਚ 'ਕੈਨੇਡਾ ਦਰਪਣ' ਦੇ ਪ੍ਰਬੰਧਕਾਂ ਦੀ ਇਹੀ ਕੋਸ਼ਿਸ਼ ਰਹੀ ਹੈ ਕਿ ਤਰਕ ਦਾ ਪੱਲਾ ਮਜ਼ਬੂਤੀ ਨਾਲ ਫੜਕੇ ਪੰਜਾਬੀ ਕਦਰਾਂ-ਕੀਮਤਾਂ ਨਾਲ ਜੁੜੇ ਰਹਿਕੇ ਸਮੁੱਚੀ ਪੰਜਾਬੀ ਕੌਮ ਲਈ ਆਵਾਜ਼ ਬੁਲੰਦ ਰੱਖੀ ਜਾਵੇ

ਪੰਜਾਬੀਆਂ ਦਾ ਵਿਰਸਾ ਗੁਰੂ ਨਾਨਕ, ਬਾਬਾ ਫਰੀਦ, ਕਬੀਰ, ਨਾਮਦੇਵ, ਰਵੀਦਾਸ ਦਾ ਵਿਰਸਾ ਹੈ ਅਤੇ ਕੁਝ ਲੋਕ ਆਪਣੇ ਵਿਰਸੇ ਤੋਂ ਹੀ ਮੁਨਕਰ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਪੰਜਾਬ ਨੇ ਪਹਿਲਾਂ ਹੀ 1947 ਵਿਚ ਬਥੇਰਾ ਸੰਤਾਪ ਝੱਲਿਆ ਹੈ ਅਤੇ ਪੰਜਾਬ ਦੀ ਹਿੱਕ ਤਾਂ 1947 ਵਿਚ ਹੀ ਚੀਰ ਦਿਤੀ ਗਈ ਸੀ। ਪੰਜਾਬ ਦੇ ਲੋਕ ਅੱਜ ਵੀ ਉਸ ਚੀਰੇ ਦਾ ਦਰਦ ਹੰਢਾ ਰਹੇ ਹਨ। ਇਸ ਲਈ ਅਸੀਂ ਉਹ ਹੀ ਫਰਜ਼ ਪੂਰਾ ਕਰਦੇ ਆ ਰਹੇ ਹਾਂ ਜੋ ਹਰ ਪੰਜਾਬੀਅਤ ਦੇ ਸ਼ੈਦਾਈ ਨੂੰ ਪੂਰਾ ਕਰਨਾ ਚਾਹੀਦਾ ਹੈ।

ਵਿਦੇਸ਼ਾਂ ਵਿਚ ਪੰਜਾਬੀ ਲੋਕਾਂ ਨੂੰ ਇਕੋ ਲੜੀ ਵਿਚ ਪਰੋ ਕੇ ਰੱਖਣਾ ਸਾਡਾ ਲਖਸ਼ ਰਿਹਾ ਹੈ ਅਤੇ ਇਸ ਲਖਸ਼ ਦੀ ਪ੍ਰਾਪਤੀ ਵੱਲ ਹੀ ਸਾਡੇ ਕਦਮ ਜਾ ਰਹੇ ਹਨ।

'ਕੈਨੇਡਾ ਦਰਪਣ' ਦੀ ਪੰਜਵੀਂ ਵਰ੍ਹੇ-ਗੰਢ ਉਤੇ ਅਸੀਂ ਇਹੀ ਪ੍ਰਣ ਮੁੜ ਲੈਣਾ ਚਾਹੁੰਦੇ ਹਾਂ ਕਿ ਸਾਡੇ ਲੋਕਾਂ ਦੀ ਏਕਤਾ ਤਾਂ ਹੀ ਕਾਇਮ ਰਹਿ ਸਕਦੀ ਹੈ ਜੇ ਅਸੀਂ ਪੰਜਾਬੀ ਕਦਰਾਂ ਕੀਮਤਾਂ ਨੂੰ ਸਮਝਦੇ ਹੋਏ ਇਸ ਵਿਸ਼ਾਲ ਜਗਤ ਵਿਚ ਆਪਣੇ ਵਿਰਸੇ ਦੀ ਪਹਿਚਾਣ ਸਭ ਤੱਕ ਪੁਚਾ ਸਕੀਏ।

### ਹਬੀਬ ਜਾਲਬ

ਜ਼ਿੰਦਾਨਾਂ ਦੇ ਦਰ ਨਈਂ ਖੁਲ੍ਹਦੇ ਹੰਝੂਆਂ ਹਾਵਾਂ ਨਾਲ
ਸੱਜਣਾਂ ਇਹ ਤਾਂ ਖੁਲ੍ਹਣਗੇ, ਲੋਹੇ ਦੀਆਂ ਬਾਹਵਾਂ ਨਾਲ

ਵੇਖ ਜ਼ਮਾਨਾ ਗੱਲ ਕਰਦਾ ਏ, ਅੱਜ ਹਵਾਵਾਂ ਨਾਲ
ਮੰਜ਼ਿਲ ਤੇਰੇ ਹੱਥ ਨਈਂ ਆਉਣੀ ਸਿਰਫ਼ ਦੁਆਵਾਂ ਨਾਲ

ਨ ਭੁਲ ਸਕਿਆ ਨਾ ਭੁਲ ਸਕਦਾਂ ਬਿਆਸ ਦੇ ਕੰਢਿਆਂ ਨੂੰ
ਸਦਾ ਰਵ੍ਹੇਗੀ ਯਾਦ ਇਨ੍ਹਾਂ ਦੀ ਮੇਰਿਆਂ ਸਾਹਵਾਂ ਨਾਲ

ਇਕੋ ਰੁੱਖ ਅੱਖਾਂ ਵਿਚ ਵੱਸਿਆ, ਕੋਈ ਨਾ ਦਿਸਿਆ ਫੇਰ
ਸਾਡਾ ਰਾਹ ਬਦਲ ਸਕਦਾ ਏ ਕੌਣ ਅਦਾਵਾਂ ਨਾਲ

ਖ਼ੌਫ਼ ਦਾ ਸਾਇਆ ਜ਼ਿਹਨ ਆਪਣੇ ਦੇ ਆਉਣ ਨ ਦਿੱਤਾ ਕੋਲ
ਧੰਨ ਜਿਗਰਾ ਸਾਡਾ ਵੀ 'ਜਾਲਬ' ਰਹੇ ਬਲਾਵਾਂ ਨਾਲ।
[ਮੀਆਂਵਾਲੀ ਜੇਲ]

AUTOMOTIVE 8670 - 120th St. (Scott Road) Surrey

OLYMPIA
AUTO-BODY
590-2363
Complete Body Work & Painting for All Makes
Windshield - Replacement Window Regulator - Door Lock & Rust Repairs
I.C.B.C. Claims handled
30% to 50% OFF Deductible
FREE ESTIMATES
FREE ESTIMATES
FREE COURTESY CARS
OVER 10 YEARS EXPERIENCE

RADIATORS
■ NEW ■ USED
■ RECORE ■ REPAIRS
REVERSE FLUSH SPECIAL $4.95
(Most Cars) with this Ad.
"We Buy & Sell Used Radiators"
ਅਸੀਂ ਪੁਰਾਣੇ ਅਤੇ ਨਵੇਂ ਰੇਡੀਏਟਰਜ਼ ਖ਼ਰੀਦਦੇ ਅਤੇ ਵੇਚਦੇ ਹਾਂ
594-2231
R.J. RADIATIORS Ltd.
8670 - 120th St.(Scott Rd.) Surrey, B.C.

G & A'S
CAR CLINIC
Domestic & Import Auto Repairs
FREE
Brake & Safety Check
Oil • Filter • Lube
$14.95
TUNE-UP
$35.00 Plus Parts
Complete Auto Repairs
Ask for Gian 590-5554

# ਕਰਮਜੀਤ ਨੇ ਪਿਸਤੌਲ ਟੈਸਟ ਕਰਨ ਲਈ ਬੰਦਾ ਮਾਰਿਆ ਸੀ?

ਨਵੀਂ ਦਿੱਲੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਉਪਰ 2 ਅਕਤੂਬਰ ਨੂੰ ਅਸਫਲ ਹਮਲਾ ਕਰਨ ਵਾਲੇ ਕਰਮਜੀਤ ਸਿੰਘ ਨੇ ਕੁਝ ਮਹੀਨੇ ਪਹਿਲਾਂ ਪਿਸਤੌਲ ਨੂੰ ਟੈਸਟ ਕਰਨ ਲਈ ਇਕ ਕਤਲ ਕੀਤਾ ਸੀ। ਹੁਣ ਤੱਕ ਗ੍ਰਿਫਤਾਰ ਕੀਤੇ ਪੰਜ ਵਿਅਕਤੀਆਂ ਤੋਂ ਸੀ. ਬੀ. ਆਈ. ਦੁਆਰਾ ਕੀਤੀ ਪੁੱਛਗਿਛ ਦੇ ਅਧਾਰ 'ਤੇ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਘਟਨਾ ਇਕ ਡੂੰਘੀ ਸਾਜ਼ਿਸ਼ ਸੀ।

ਸੂਤਰਾਂ ਅਨੁਸਾਰ ਉਸ ਦੁਆਰਾ ਵਰਤਿਆ ਪਿਸਤੌਲ ਭਾਵੇਂ ਸਧਾਰਨ ਸੀ ਪਰ ਗੋਲੀਆਂ ਸ਼ਕਤੀਸ਼ਾਲੀ ਸਨ। ਅਪਰੇਸ਼ਨ ਬਲਿਊ ਸਟਾਰ ਪਿਛੋਂ ਕਰਮਜੀਤ ਸਿੰਘ ਨੂੰ ਅੰਮ੍ਰਿਤਸਰ 'ਚੋਂ ਗ੍ਰਿਫਤਾਰ ਕੀਤਾ ਗਿਆ ਸੀ ਪਰ ਬਾਅਦ 'ਚ ਅਦਾਲਤ ਨੇ ਉਸ ਨੂੰ ਰਿਹਾਅ ਕਰ ਦਿਤਾ ਸੀ। ਇਸ ਕੇਸ ਦਾ ਪੰਜਵਾਂ ਦੋਸ਼ੀ ਪਰਮਜੀਤ ਸਿੰਘ ਹੈ ਜੋ ਕਿ ਪੰਜਾਬ ਪੁਲੀਸ ਦੇ ਇਕ ਸਿਪਾਹੀ ਦਾ ਲੜਕਾ ਹੈ। ਉਸ ਨੇ ਪੰਜਾਬ 'ਚ ਕਈ ਥਾਈਂ ਇਮਾਰਤਾਂ ਉਪਰ 'ਖਾਲਿਸਤਾਨ' ਦੇ ਝੰਡੇ ਲਹਿਰਾਏ ਸਨ ਤੇ ਖਾਲਿਸਤਾਨ-ਪੱਖੀ ਕਿਤਾਬਚੇ ਵੀ ਵੰਡੇ ਸਨ।

ਕਰਮਜੀਤ ਸਿੰਘ ਤੇ ਤਿੰਨ ਹੋਰਾਂ ਨੂੰ ਕਿਸੇ ਅਣਪਛਾਤੀ ਥਾਂ ਮੁੱਖ ਮੈਟਰੋਪਾਲੀਟਨ ਮੈਜਿਸਟਰੇਟ ਸੁਭਾਸ਼ ਵਾਸਨ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਸ ਨੇ ਚੌਹਾਂ ਦਾ 13 ਨਵੰਬਰ ਤੱਕ ਪੁਲੀਸ ਰਿਮਾਂਡ ਦੇ ਦਿਤਾ। ਬਾਕੀ ਤਿੰਨਾਂ ਦੇ ਨਾਂ ਅਮਰਜੀਤ ਸਿੰਘ, ਪਰੇਮ ਸਿੰਘ ਅਤੇ ਬਲਦੇਵ ਸਿੰਘ ਮਸਤਾਨਾ ਹਨ। ਇਸ ਕੇਸ ਵਿਚ ਫੜੇ ਪਰਮਜੀਤ ਸਿੰਘ ਦਾ ਸੀ. ਬੀ. ਆਈ. ਪਹਿਲਾਂ ਹੀ 30 ਨਵੰਬਰ ਤਕ ਰਿਮਾਂਡ ਲੈ ਚੁਕੀ ਹੈ।

# ਹੱਤਿਆਵਾਂ 'ਬਦਲਾ' ਲੈਣ ਲਈ

ਖੁੱਭਣ — ਇਸ ਪਿੰਡ ਵਿਚ ਸੱਤ ਵਿਅਕਤੀਆਂ ਨੂੰ ਕਤਲ ਕਰਨ ਵਾਲੇ ਅਤਿਵਾਦੀਆਂ ਨੇ ਇਕ ਪੱਤਰ ਵਿਚ ਕਿਹਾ ਹੈ ਕਿ ਉਨ੍ਹਾਂ ਇਹ ਕਾਰਵਾਈ ਝੂਠੇ ਮੁਕਾਬਲਿਆਂ ਦਾ ਬਦਲਾ ਲੈਣ ਲਈ ਕੀਤੀ ਹੈ ਅਤੇ ਪੁਲੀਸ ਨੂੰ ਕਿਹਾ ਹੈ ਕਿ ਅਜਿਹੇ ਮੁਕਾਬਲੇ ਕਰਨੇ ਬੰਦ ਕਰੇ। ਇਸ ਪਿੰਡ ਦੀ ਇਕ ਔਰਤ ਧੰਨੋ ਨੂੰ ਦਿੱਤੀ ਗਈ ਇਕ ਪਰਚੀ ਵਿਚ ਦਸ਼ਮੇਸ਼ ਰਜਮੈਂਟ ਵਲੋਂ ਇਹ ਗੱਲ ਕਹੀ ਗਈ ਹੈ। ਇਹ ਪਰਚੀ ਕਤਲ ਕਰਕੇ ਜਾ ਰਹੇ ਅਤਿਵਾਦੀਆਂ ਨੇ ਆਪਣੇ ਘਰ ਅੱਗੇ ਖੜੀ ਇਕ ਔਰਤ ਨੂੰ ਫੜਾ ਕੇ ਇਹ ਪੁਲੀਸ ਹਵਾਲੇ ਕਰਨ ਦੀ ਹਦਾਇਤ ਕੀਤੀ ਸੀ।

ਇਸ ਪਰਚੀ ਵਿਚ ਕਿਹਾ ਗਿਆ ਹੈ ਕਿ ਹਰਪਾਲ ਸਿੰਘ ਪੱਪੂ ਅਤੇ ਕੁਲਦੀਪ ਸਿੰਘ ਪੱਪੂ ਨੂੰ ਪੁਲੀਸ ਨੇ ਗ੍ਰਿਫਤਾਰ ਕਰਨ ਮਗਰੋਂ ਮੁਕਾਬਲਾ ਬਣਾ ਕੇ ਮਾਰਿਆ ਹੈ।

ਸੱਤ ਵਿਅਕਤੀਆਂ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਇਨ੍ਹਾਂ ਵਿਚ ਚਾਰ ਹਰੀਜਨ ਅਤੇ ਤਿੰਨ ਅਰੋੜਾ ਖੱਤਰੀ ਹਨ। ਭਾਵੇਂ ਅਧਿਕਾਰੀ ਮ੍ਰਿਤਕਾਂ ਵਿਚ ਦੋਵਾਂ ਵਰਗਾਂ ਦੇ ਲੋਕਾਂ ਨੂੰ ਸ਼ਾਮਲ ਦੱਸ ਰਹੇ ਹਨ ਪਰ ਉਹ ਸਾਰੇ ਮੋਨੇ ਸਨ। ਕੁਝ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਹਮਲਾਵਰਾਂ ਵਿਚੋਂ ਇਕ ਨੇ ਪੱਗ ਬੰਨ੍ਹੀ ਹੋਈ ਸੀ ਜਦੋਂ ਕਿ ਦੋ ਮੋਨੇ ਸਨ।

# ਅਮਰੀਕਾ 'ਚ ਬੱਚੇ ਵੀ 'ਏਡਜ਼' ਦਾ ਸ਼ਿਕਾਰ

ਵਾਸ਼ਿੰਗਟਨ — ਭਿਆਨਕ ਬਿਮਾਰੀ 'ਏਡਜ਼' ਦਾ ਸ਼ਿਕਾਰ ਹੁਣ ਮਾਸੂਮ ਬੱਚੇ ਵੀ ਹੋਣ ਲੱਗ ਪਏ ਹਨ।

ਅਮਰੀਕਨ ਮੈਡੀਕਲ ਸੂਤਰਾਂ ਅਨੁਸਾਰ ਅਮਰੀਕਾ 'ਚ 1991 ਤੱਕ ਲੱਗਭਗ 10,000 ਬੱਚਿਆਂ ਦਾ ਇਸ ਬਿਮਾਰੀ ਦੇ ਸ਼ਿਕਾਰ ਹੋ ਜਾਣ ਦਾ ਡਰ ਹੈ।

ਬਹੁਤੇ ਬੱਚੇ ਇਹ ਬਿਮਾਰੀ ਆਪਣੀਆਂ ਉਨ੍ਹਾਂ ਮਾਵਾਂ ਤੋਂ ਲੈਣਗੇ, ਜੋ ਨਸ਼ੀਲੀਆਂ ਵਸਤਾਂ ਵਰਤਦੀਆਂ ਹਨ। ਨਿਊਜਰਸੀ ਦੇ ਡਾਕਟਰ ਜੇਮਜ਼ ਔਲੇਸਕੇ ਦਾ ਕਹਿਣਾ ਹੈ ਕਿ ਜ਼ਰੂਰੀ ਨਹੀਂ ਇਨ੍ਹਾਂ ਮਾਵਾਂ 'ਚ ਏਡਜ਼ ਦੇ ਚਿੰਨ੍ਹ ਪ੍ਰਗਟ ਹੋਣ।

ਡਾਕਟਰ ਅਨੁਸਾਰ ਹੁਣ ਤੱਕ ਅਮਰੀਕਾ 'ਚ 'ਏਡਜ' ਦੇ ਸ਼ਿਕਾਰ 500 ਬੱਚਿਆਂ ਦੇ ਕੇਸ ਸਾਹਮਣੇ ਆ ਚੁਕੇ ਹਨ। ਬਹੁਤਿਆਂ ਦਾ ਪਤਾ ਹੀ ਨਹੀਂ ਲੱਗਦਾ ਅਤੇ ਅਸਲੀ ਗਿਣਤੀ 2000 ਤੱਕ ਹੈ।

ਅਮਰੀਕਾ 'ਚ ਹੁਣ ਤੱਕ ਇਸ ਭਿਆਨਕ ਬਿਮਾਰੀ ਦੇ ਸ਼ਿਕਾਰ 26,000 ਕੇਸ ਸਾਹਮਣੇ ਆ ਚੁਕੇ ਹਨ ਅਤੇ ਮੈਡੀਕਲ ਅਧਿਕਾਰੀਆਂ ਨੂੰ ਡਰ ਹੈ ਕਿ ਅਗਲੇ ਪੰਜ ਸਾਲਾਂ 'ਚ ਇਹ ਗਿਣਤੀ 250,000 ਤੱਕ ਪੁਜ ਜਾਵੇਗੀ।


SUN FOODS Grocery Store

32032 - Loughheed HWY. Mission, B.C.

**Ph. 820-1650**

**ਮਿਸ਼ਨ ਵਿਚ ਭਾਰਤੀ ਗਰੌਸਰੀ ਦਾ ਸਟੋਰ ਜਿੱਥੋਂ ਕਿ ਹਰ ਕਿਸਮ ਦੀ ਭਾਰਤੀ ਗਰੌਸਰੀ ਮਿਲ ਸਕਦੀ ਹੈ ਅਤੇ ਮੂਵੀਆਂ ਵੀ ਮਿਲਦੀਆਂ ਹਨ।**


## ਵੈਨ ਸਿਟੀ ਬੈਂਕ ਦੇ ਚੇਅਰਮੈਨ ਡੇਵਿਡ ਲੇਵੀ ਰਛਪਾਲ ਗਿੱਲ ਨਾਲ




Alderman **Bill Yee** | **Sandra Bruneau** | **David Levi**







THE CIVIC INDEPENDENTS

**15 ਨਵੰਬਰ ਨੂੰ ਆਪਣੀ ਵੋਟ ਬਿੱਲ ਯੀ, ਸੈਂਡਰਾ ਬਰੂਨੋ, ਡੇਵਿਡ ਲੇਵੀ ਨੂੰ ਪਾਓ**

**On Nov. 15th: *Elect***

| | |
|---|---|
| Bruneau, Sandra | X |
| Levi, David | X |

**Re-elect**

| | |
|---|---|
| Yee, Bill | X |

THE CIVIC INDEPENDENTS

**"Vote for the Civic Independents"**



MIKE HARCOURT, MAYOR

1089 W. Broadway 736-5448
749 E. Broadway 874-8602
2679 E. Hastings 253-5570

# ਵਿਸ਼ੇਸ਼ ਗੁਰੂ ਨਾਨਕ ਸਪਲੀਮੈਂਟ

## ਮਹਾਨ ਕ੍ਰਾਂਤੀਕਾਰੀ
## ਗੁਰੂ ਨਾਨਕ

**ਜਸਵੰਤ ਸਿੰਘ ਜਸ**

ਗੁਰੂ ਨਾਨਕ ਸਾਹਿਬ ਨੇ ਜਦ ਅਵਤਾਰ ਧਾਰਿਆ ਤਾਂ ਦੇਸ਼ ਵਿਚ ਧਾਰਮਿਕ ਤੇ ਸਮਾਜਕ ਅਵਸਥਾ ਅਧੋਗਤੀ ਦੀ ਸਥਿਤੀ 'ਚ ਸੀ। "ਸਰਮੁ ਧਰਮੁ ਦੁਇ" ਛੁਪ ਖਲੋਤੇ ਸਨ ਤੇ ਕੂੜ ਪਰਧਾਨ ਬਣ ਚੁੱਕਾ ਸੀ। 'ਕੂੜ ਅਮਾਵਸ' ਦੀ ਤਰ੍ਹਾਂ ਛਾਇਆ ਹੋਇਆ ਸੀ ਅਤੇ 'ਸਚੁ ਚੰਦਰਮਾ' ਕਿਤੇ ਨਜ਼ਰ ਨਹੀਂ ਆ ਰਿਹਾ ਸੀ। 'ਕਲਿ ਕਾਤੀ ਰਾਜੇ ਕਸਾਈ' ਸਨ ਅਤੇ 'ਧਰਮੁ ਪੰਖ ਕਰਿ ਉਡਰਿਆ' ਸੀ। 'ਰਾਜੇ ਸ਼ੀਂਹ ਮੁਕਦਮ ਕੁੱਤੇ' ਦੀ ਤਰ੍ਹਾਂ ਸਨ। ਧਾਰਮਿਕ ਆਗੂਆਂ ਦਾ ਹਾਲ ਗੁਰੂ ਸਾਹਿਬ ਨੇ ਬਿਆਨ ਕੀਤਾ ਹੈ ਕਿ 'ਮਾਣਸ ਖਾਣੇ ਕਰਹਿ ਨਿਵਾਜ। ਛੁਰੀ ਵਗਾਇਨਿ ਤਿਨ ਗਲਿ ਤਾਗ।" ਬ੍ਰਾਹਮਣ ਲੋਗ, "ਮਥੈ ਟਿਕਾ ਤੇੜਿ ਧੋਤੀ ਕਾਖਾਈ। ਹਥਿ ਛੁਰੀ ਜਗਤ ਕਸਾਈ।" ਦੀ ਤਰ੍ਹਾਂ ਵਿਚਰ ਰਹੇ ਸਨ। ਮੁਸਲਮਾਨ ਪਰਜਾ, ਹਿੰਦੂਆਂ ਨੂੰ ਕਿਸ ਤਰ੍ਹਾਂ ਤੰਗ ਕਰਦੀ ਸੀ, ਭਾਈ ਗੁਰਦਾਸ ਲਿਖਦੇ ਹਨ:

ਠਾਕੁਰ ਦੁਆਰੇ ਢਾਹਿ ਕੇ ਤਿਹ ਠਉੜੀ ਮਾਸੀਤ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰ ਪਾਪ ਬਿਥਾਰਾ।
...... ਪਾਪੇ ਦਾ ਵਰਤਿਆ ਵਰਤਾਰਾ।
(ਵਾਰ ੧ ਪਾਉੜੀ ੨੦)

ਸੱਚ ਨੂੰ ਭੁੱਲ ਕੇ ਮੁਸਲਮਾਨ ਅਤੇ ਹਿੰਦੂ ਆਪਸ ਵਿਚ ਟਕਰਾਓ ਦੀ ਨੀਤੀ ਅਪਣਾ ਰਹੇ ਸਨ :—

ਸਚੁ ਕਿਨਾਰੇ ਰਹਿ ਗਇਆ
ਖਹਿ ਮਰਦੇ ਬਾਹਮਣ ਮਉਲਾਣੇ। (ਵਾਰ ੧ ਪਾਉੜੀ ੨੧)

ਗਲ ਕੀ 'ਬਾਝ ਗੁਰੂ ਅੰਧੇਰ' ਸੀ ਅਤੇ 'ਸਾਧੁ ਨ ਦਿਸੇ ਜਗ ਵਿਚ ਕੋਆ' ਦੀ ਸਥਿਤੀ ਪਰਜਵਲਤ ਸੀ। ਉਸ ਵਕਤ 'ਸੁਨੀ ਪੁਕਾਰ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ' ਅਨੁਸਾਰ ਗੁਰੂ ਸਾਹਿਬ ਨੇ ਅਵਤਾਰ ਧਾਰਿਆ। ਅਗਿਆਨਤਾ ਦੀ ਧੁੰਦ ਜੋ ਸੂਰਜ ਨੂੰ ਲਿਪਤ ਕਰ ਰਹੀ ਸੀ, ਖੁਦ ਲਿਪਤ ਹੋ ਗਈ ਜਿਵੇਂ ਸ਼ੇਰ ਦੇ ਬੁੱਕਣ ਨਾਲ ਮਿਰਗਾਂ ਦੀ ਡਾਰ ਅਧੀਰ ਹੋ ਕੇ ਦੌੜਦੀ ਹੈ, ਕਲਿਜੁਗ ਦੀ ਸੈਨਾ ਨੂੰ ਭਗਦੜ ਪੈਣੀ ਸ਼ੁਰੂ ਹੋ ਗਈ ਅਤੇ ਜਿਸ ਤਰ੍ਹਾਂ ਇਕਬਾਲ ਨੇ ਲਿਖਿਆ ਹੈ :—

ਫਿਰ ਉਠੀ ਆਖਿਰ ਸਦਾਅ
ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ —
ਕਾਮਿਲ ਨੇ ਜਗਾਇਆ ਖ਼ਾਬ ਸੇ

### ਰਾਜਸੀ ਖੇਤਰ 'ਚ ਕ੍ਰਾਂਤੀ

ਗੁਰੂ ਸਾਹਿਬ ਦੇ ਵੇਲੇ ਰਾਜਸੀ ਪ੍ਰਣਾਲੀ ਭਰਿਸ਼ਟ ਅਤੇ ਕੂੜ ਦੇ ਨਾਲ ਲਬਾਲਬ ਸੀ। ਸਰਕਾਰੀ ਅਹਿਲਕਾਰ ਆਪਣੇ ਮਾਤਹਿਤਾਂ ਅਤੇ ਅਗਿਆਨੀ ਪਰਜਾ 'ਤੇ ਅਕਹਿ ਤੇ ਅਸਹਿ ਜ਼ੁਲਮ ਕਰ ਕੇ ਉਨ੍ਹਾਂ ਦੀ ਰੱਤ ਪੀ ਰਹੇ ਸਨ। ਗੁਰੂ ਸਾਹਿਬ ਨੇ ਇਨ੍ਹਾਂ ਅਹਿਲਕਾਰਾਂ ਨੂੰ ਨਜ਼ਦੀਕ ਹੋ ਕੇ ਦੇਖਿਆ ਸੀ। ਗੁਰੂ ਸਾਹਿਬ ਦੇ ਪਿਤਾ ਤੇ ਸਹੁਰਾ ਸਾਹਿਬ ਪਟਵਾਰੀ ਸਨ। ਫਿਰ ਗੁਰੂ ਸਾਹਿਬ ਜਦ ਸੁਲਤਾਨਪੁਰ ਲੋਧੀ 'ਚ ਇਕ ਸਰਕਾਰੀ ਅਫਸਰ ਲਗੇ ਹੋਏ ਸਨ ਤਾਂ ਉਨ੍ਹਾਂ ਦਾ ਵਾਹ ਕਾਜ਼ੀਆਂ ਤੇ ਸਿਕਦਾਰਾਂ, ਜੋ ਕਿ ਧਾਰਮਿਕ ਤੇ ਰਾਜਸੀ ਦੋਨੋਂ ਤਾਕਤਾਂ ਦਾ ਇਸਤੇਮਾਲ ਕਰਦੇ ਸਨ, ਪੈਂਦਾ ਰਿਹਾ। ਉਨ੍ਹਾਂ ਨੇ ਦੇਖਿਆ ਕਿ ਇਹ ਅਧਿਕਾਰੀ ਜਰਵਾਣਿਆਂ ਜਿਹਾ ਸਲੂਕ ਕਰਦੇ ਹੋਏ, ਆਮ ਲੋਕਾਂ ਨਾਲ, ਅਨਿਆਂ ਅਤੇ ਬੇਇਨਸਾਫੀ ਦਾ ਢੋਲ ਵਜਾਂਦੇ ਸਨ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਚੁੱਪ ਰਹਿਣ ਦੀ ਜਗ੍ਹਾ ਖੁੱਲ੍ਹ ਕੇ ਇਨ੍ਹਾਂ ਅਹਿਲਕਾਰਾਂ ਦੀ ਮੁਜ਼ੱਮਤ ਕੀਤੀ ਤੇ ਕਿਹਾ :—

ਕੂੜੀ ਮਸ ਕੂੜਾ ਵਾਪਾਰੁ।
ਕੂੜੁ ਬੋਲਿ ਕਰਹਿ ਆਹਾਰੁ। (ਆਸਾ ਦੀ ਵਾਰ ਮ: ੧)
ਅਤੇ ਰਾਜੇ ਸ਼ੀਂਹ ਮੁਕਦਮ ਕੁੱਤੇ,
ਜਾਇ ਜਗਾਇਨਿ ਬੈਠੇ ਸੁਤੇ।
ਚਾਕਰ ਨਹੁਦਾ ਪਾਇਨਿ ਘਾਉ,
ਰਤੁ ਪਿਤੁ ਕੁਤਿਹੁ, ਚਟਿ ਜਾਹੁ।

ਗੁਰੂ ਸਾਹਿਬ ਨੇ ਜ਼ੋਰਦਾਰ ਤੇ ਪ੍ਰਭਾਵ-ਪੂਰਨ ਸ਼ਬਦਾਵਲੀ ਵਰਤਕੇ, ਇਨ੍ਹਾਂ ਮੁਕਦਮਾਂ ਦੀ ਭਰ ਨਿਖੇਧੀ ਕੀਤੀ। ਇਹ ਰੁਝਾਨ ਕ੍ਰਾਂਤੀਕਾਰੀ ਰੁਝਾਨ ਸੀ। ਕਿਉਂਕਿ ਹੁਣ ਤਕ ਕੋਈ ਸਮਕਾਲੀ ਸੰਤ ਜਾਂ ਮਨੁੱਖ ਰਾਜਸੀ ਅਹਿਲਕਾਰਾਂ ਦੇ ਜ਼ੁਲਮ ਨੂੰ ਚਣੌਤੀ ਦੇਣ ਦੀ ਹਿੰਮਤ ਨਹੀਂ ਕਰ ਸਕਿਆ ਸੀ।

ਗੁਰੂ ਸਾਹਿਬ ਨੇ ਬਾਬਰ ਵੱਲੋਂ ਕੀਤੇ ਗਏ ਅਤਿਆਚਾਰਾਂ ਨੂੰ ਵੀ ਬਹੁਤ ਅਸਰਦਾਰ ਬੋਲੀ 'ਚ ਭੰਡਿਆ ਅਤੇ ਖੁਦ ਬਾਬਰ ਨੂੰ "ਪਾਪ ਕੀ ਜੰਜ ਲੈ ਕਾਬਲਹੁ ਧਾਇਆ" ਆਖ ਕੇ ਸੰਬੋਧਨ ਕੀਤਾ ਹੈ। ਇਸ ਦੇ ਬਾਅਦ ਜਿਵੇਂ ਕਿ ਇਤਿਹਾਸਕਾਰ ਐਸ. ਆਰ. ਸ਼ਰਮਾ ਕਹਿੰਦਾ ਹੈ "ਬਾਬਰ ਬਾਦ ਵਿਚ ਬਾਬਾ ਨਾਨਕ ਨਾਲ ਅਵੱਸ਼ ਨਿਜੀ ਸੰਪਰਕ 'ਚ ਆਇਆ ਅਤੇ ਇਸ ਦਾ ਸਿੱਟਾ ਮਹਾਨ ਅਧਿਆਤਮਿਕ ਗੁਰੂ ਦੀ ਸਦਾਚਾਰਕ ਜਿੱਤ ਵਿਚ ਪ੍ਰਕਾਸ਼ਮਾਨ ਹੋਇਆ।" ਇਸ ਤਰ੍ਹਾਂ ਗੁਰੂ ਸਾਹਿਬ ਨੇ ਰਾਜਿਆਂ, ਮੁਕੱਦਮਾਂ ਅਤੇ ਬਾਦਸ਼ਾਹਾਂ ਦੇ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕਰ ਕੇ ਰਾਜਸੀ ਖੇਤਰ 'ਚ ਵਿਰੋਧ-ਅਭਾਸ ਵਾਲੀ ਬੋਲੀ ਬੋਲ ਕੇ ਕ੍ਰਾਂਤੀਮਈ ਕਦਮ ਉਠਾਇਆ।

### ਸਮਾਜਕ ਖੇਤਰ 'ਚ ਕ੍ਰਾਂਤੀ

ਗੁਰੂ ਸਾਹਿਬ ਦੇ ਸਮਕਾਲੀ ਸਮਾਜ 'ਚ ਜਾਤਪਾਤ ਦਾ ਬਹੁਤ ਬੋਲ ਬਾਲਾ ਸੀ। ਸ਼ੂਦਰਾਂ ਤੇ ਹੋਰ ਨੀਵੀਆਂ ਜਾਤੀਆਂ ਨਾਲ ਪਸ਼ੂਆਂ ਤੋਂ ਵੀ ਬੁਰਾ ਵਿਵਹਾਰ ਕੀਤਾ ਜਾਂਦਾ ਸੀ। ਉਨ੍ਹਾਂ ਦੇ ਪਾਸ ਕੋਈ ਰਾਜਸੀ ਜਾਂ ਸਮਾਜਕ ਹੱਕ ਨਹੀਂ ਸਨ। ਜਿਵੇਂ ਕਿ ਭਾਈ ਗੁਰਦਾਸ ਜੀ ਕਹਿੰਦੇ ਹਨ, "ਕੋਈ ਨਾ ਕਿਸੇ ਪੂਜਦਾ, ਊਚ ਨੀਚ ਸਭ ਗਤਿ ਬਿਸਰਾਈ" ਅਨੁਸਾਰ ਇਸ ਬੁਰਾਈ ਨੇ ਸਮਾਜ ਨੂੰ ਘੁਣ ਲਾਇਆ ਹੋਇਆ ਸੀ। ਬ੍ਰਾਹਮਣ ਜਾਂ ਪੁਜਾਰੀ ਜਮਾਤ ਦੂਸਰੀਆਂ ਜਮਾਤਾਂ ਦਾ ਸੋਸ਼ਣ ਕਰਨ 'ਚ ਸਲੰਗਨ ਸੀ। ਇਥੋਂ ਤਕ ਕਿ ਰਾਮਾਨੁਜ ਨੇ ਵੀ ਜਾਤਪਾਤ ਦਾ ਪੱਖ ਪੂਰਿਆ ਸੀ ਅਤੇ ਕਿਹਾ ਸੀ, "ਪ੍ਰਮਾਤਮਾ ਦੀ ਮੇਹਰ ਕਿਸੇ ਸ਼ੂਦਰ ਤੇ ਨਹੀਂ ਹੋ ਸਕਦੀ।" ਪਰ ਗੁਰੂ ਸਾਹਿਬ ਨੇ ਇਸ ਰੀਤੀ ਦਾ ਡਟ ਕੇ ਵਿਰੋਧ ਕੀਤਾ ਅਤੇ ਜਿਸ ਤਰ੍ਹਾਂ ਇਸਟਲੀਨ ਕਾਰਪੈਂਟਰ ਆਪਣੀ ਕਿਤਾਬ 'ਮਧ-ਕਲੀਨ ਭਾਰਤ 'ਚ ਆਸਤਕਵਾਦ' 'ਚ ਲਿਖਦਾ ਹੈ, "ਗੁਰੂ ਨਾਨਕ ਨੇ ਜਾਤਪਾਤ ਦੇ ਸਾਰੇ ਬੰਧਨ ਤੋੜ ਸੁੱਟੇ।"

ਗੰਡਾ ਸਿੰਘ ਆਪਣੀ ਕਿਤਾਬ 'ਸਿਖ ਅਤੇ ਸਿਖਇਜ਼ਮ' 'ਚ ਵੀ ਲਿਖਦਾ ਹੋਇਆ ਕਹਿੰਦਾ ਹੈ, "ਗੁਰੂ ਸਾਹਿਬ ਨੇ ਜਾਤਪਾਤ ਦੇ ਆਧਾਰ ਤੇ ਕਿਸੇ ਨੂੰ ਨੀਵਾਂ ਜਾਂ ਉਚਾ ਮੰਨਣ ਤੋਂ ਇਨਕਾਰ ਕਰ ਦਿੱਤਾ।" ਸਗੋਂ ਗੁਰੂ ਸਾਹਿਬ ਨੇ ਜਾਤਪਾਤ ਦੇ ਸਿਧਾਂਤ ਨੂੰ ਨਿਰਅਰਥਕ ਕਰਾਰ ਦਿੱਤਾ :—

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨਹੇ। (ਆਸਾ ਮ: ੧)

ਨਾਲ ਹੀ ਗੁਰੂ ਜੀ ਨੇ ਪੰਡਤਾਂ ਤੇ ਮੌਲਾਣਿਆਂ ਨੂੰ, ਜਿਹੜੇ ਮਨੁੱਖ ਤੇ ਪ੍ਰਮਾਤਮਾ ਵਿਚਕਾਰ ਵਿਚੋਲੇ ਦਾ ਕੰਮ ਕਰਦੇ ਹੋਣ ਦਾ ਦਾਅਵਾ ਕਰਦੇ ਹਨ, ਕਾਫਰ ਕਿਹਾ :—

ਕੂੜੁ ਬੋਲਿ ਮੁਰਦਾਰੁ ਖਾਇ।
ਅਵਰੀ ਨੋ ਸਮਝਾਵਣਿ ਜਾਇ।
ਮੁਠਾ ਆਪਿ ਮੁਹਾਏ ਸਾਥੈ।
ਨਾਨਕ ਐਸਾ ਆਗੂ ਜਾਪੈ।

ਦਰ ਦਰ ਮੰਗਦੇ ਫਿਰਦੇ ਸਾਧਾਂ ਸੰਤਾਂ ਲਈ, ਦੂਸਰਿਆਂ ਦੀ ਕਮਾਈ ਤੇ ਜਿਉਂਦੇ ਪੰਡਤਾਂ ਮੌਲਾਣਿਆਂ ਲਈ, ਮਿਹਨਤਕਸ਼ ਤੇ ਕਾਰੋਬਾਰੀ ਦੁਨੀਆਂ ਦੇ ਧਨੀ ਪ੍ਰਤੀਨਿਧਾਂ ਦੀ ਨਫਰਤ, ਗੁਰੂ ਨਾਨਕ ਦੇ ਇਨ੍ਹਾਂ ਲਫਜ਼ਾਂ 'ਚੋਂ ਝਲਕਦੀ ਹੈ

ਗਿਆਨ ਵਿਹੂਣਾ ਗਾਵੈ ਗੀਤ।
ਭੁਖੇ ਮੁਲਾਂ ਘਰੇ ਮਸੀਤ।
ਮਖਟੂ ਹੋਇ ਕੈ ਕੰਨ ਪੜਾਏ।

ਬਾਕੀ ਸਫਾ 12 ਉੱਤੇ



ਜਨੇਊ ਦੀ ਰਸਮ ਵੇਲੇ ਪੰਡੇ ਨਾਲ ਦੋ ਗੱਲਾਂ।

ਫੇਰ ਧਰਮ ਨੂੰ ਖਤਰਾ ਕਹਿ ਕਹਿ ਰੋਣਾ ਹੈ
ਫਿਰ ਉਹੀਓ ਕੁਝ ਹੋਣਾ ਹੈ
ਹੁਣ ਦੱਸੋ ਜੀ ਕਹਿੰਦੇ ਹੋ ?
ਕਿਹੜੀ ਖੂੰਡੇ ਰਹਿੰਦੇ ਹੋ !!


**A.M.C. Carpet Ltd.**
12983-80th. Ave., Surrey, B.C
Carpet-Vinyl-Hardwood
All Popular Brands Supplied & Installed
ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ
Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment
Off. 594-6141
Res. 594-7595 Pager 680-0214

AMARJIT SINGH CHAHAL



**BOMBAY SWEETS**
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food

# BOMBAY SWEETS



NARESH SHUKLA

## MANUFACTURER INC.

**PH. (604) 321-1414 or 874-5722**

CONTACT: NARESH SHUKLA & BROS.

ਨਰੇਸ਼ ਸ਼ੁਕਲਾ ਅਤੇ ਬ੍ਰਦਰਜ਼ ਵਲੋਂ

ਸਭ ਨੂੰ

## ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ

## ਲੱਖ ਲੱਖ ਵਧਾਈ ਹੋਵੇ

## ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ

$2.50 ਪੌਂਡ ਵਾਲੇ
ਲੱਡੂ
**$1.75 lb.**

ਬੰਬੇ ਸਵੀਟਸ ਹਫ਼ਤੇ ਦੇ ਸੱਤੇ ਦਿਨ ਖੁਲ੍ਹਾ

$2.50 ਪੌਂਡ ਵਾਲੀਆਂ
ਜਲੇਬੀਆਂ
**$1.49 lb.**

**ਦੁਕਾਨ 9 ਵਜੇ ਸਵੇਰ ਤੋਂ ਸ਼ਾਮ ਦੇ 9 ਵਜੇ ਤੱਕ ਖੁਲ੍ਹੀ ਰਹਿੰਦੀ ਹੈ**

● ਗੁਲਾਬ ਜਾਮਨ ● ਕਲਾਕੰਦ ● ਰਸਭਰੀ ● ਚਮ-ਚਮ ● ਪਤੀਸਾ
● ਕੋਕੋਨਟ ਦੀ ਬਰਫੀ ● ਬਾਦਾਮਾਂ ਦੀ ਬਰਫੀ ● ਚਾਕਲੇਟ ਦੀ ਬਰਫੀ
● ਪਿਸਤੇ ਦੀ ਬਰਫੀ ● ਅੰਮਰਤੀਾਂ ● ਲੱਡੂ ● ਜਲੇਬੀਆਂ ● ਰਸਗੁੱਲੇ
ਤੇ ਹੋਰ ਕਈ ਕਿਸਮ ਦੀ ਮਠਿਆਈ

ਵੰਨ ਸੁਵੰਨੀਆਂ ਤਾਜ਼ੀਆਂ ਤੇ ਸੁਆਦੀ ਮਠਿਆਈਆਂ ਦੀ ਹਰ ਸਾਲ ਦੀ ਤਰ੍ਹਾਂ ਵੱਡੀ ਰਿਕਾਰਡ ਤੋੜ ਸੇਲ ਚਾਲੂ ਹੋ ਗਈ

**Best Indian Sweet Manufacturer**
**With Largest Variety**

## "You're welcome"

CONTACT:

# NARESH SHUKLA & BROS

ਦੀਵਾਲੀ ਸੇਲ

ਅਜੇ ਵੀ ਚੱਲ ਰਹੀ

# AMBIKA

## 5125 Victo

## Vancouver, 

PHONE:

| | | |
|---|---|---|
| Palm Dairy Milk Homo<br>ਦੁੱਧ<br>3.39 4 lit. | Margrine<br>ਮਾਰਜਰੀਨ<br>49¢ lb. | Evaporated<br>ਈਵੈਪੋਰੇ<br>69 |
| Salted Butter<br>ਲੂਣ ਵਾਲਾ ਬਟਰ<br>2.48 lb. | Sugar with this coupon<br>ਖੰਡ<br>4.99 10 kg. | Manh, Moon<br>ਮਾਂਹ, ਮੂੰਗੀ<br>3 |
| Vegetable Oil<br>ਵੈਜੀਟੇਬਲ ਤੇਲ<br>11.99 16 lit. | Sun-Flower Oil<br>ਸਨ-ਫਲਾਵਰ ਤੇਲ<br>2.99 3 lit. | Fresh Vegeta<br>ਫੀਜ਼ੀ ਤੋਂ ਤਾਜ਼ |
| Sun-Flower Oil<br>ਸਨ-ਫਲਾਵਰ ਤੇਲ<br>17.99 16 lit. | Vegetable Oil<br>ਵੈਜੀਟੇਬਲ ਤੇਲ<br>1.99 3 lit. | Fresh Grin<br>Ma<br>Haldi, Methe,<br>ਹਲਦੀ, ਮੇਥੀ<br>9 |

ਤਾਜ਼ੀਆਂ ਹਰੀਆਂ ਸਬਜ਼ੀਆਂ, ਸਾਫ ਸੁਥਰੀਆਂ ਦਾਲਾਂ, ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਡੇਅਰੀ ਦਾ ਸਾਮਾਨ ਤੇ ਮੀਟ, ਮਸਾਲੇ ਆਦਿ ਖਰੀਦਣ ਲਈ ਅੰਬੀਕਾ ਫੂਡਜ਼ ਤੇ ਦਰਸ਼ਨ ਦਿਓ!

# FOODS

## ria Drive

## .C. Canada

24 Oct. to Nov. 12, 1986

**27—0295**

| | | |
|---|---|---|
| Iilk Pacific<br>ਡ ਦੁੱਧ<br>tin. | Nabob Tea<br>ਨਵਾਬ ਚਾਹਪੱਤੀ<br>3.77 (120 packt.) | Rotti Atta<br>ਰੋਟੀ ਆਟਾ<br>4.89 10 kg. |
| , Chana Dal<br>ਲਿਆਂ ਦੀ ਦਾਲ<br>¢ lb. | Black Chana<br>ਕਾਲੇ ਛੋਲੇ<br>29¢ lb. | Chicken Drumsticks<br>ਚਿਕਨ ਡਰੰਮਸਟਿਕ<br>99¢ lb. |
| e From Fiji<br>ਆਂ ਸਬਜ਼ੀਆਂ | Chicken Legs<br>ਮੁਰਗੇ ਦੀਆਂ ਲੱਤਾਂ<br>1.19 lb. | Mazola Corn Oil<br>ਮਜੌਲਾ ਮੱਕੀ ਦਾ ਤੇਲ<br>5.89 3 lit. |
| Your Own<br>ıla<br>Iirch, Dhania<br>ਮਰਚ, ਧਨੀਆ<br>¢ lb. | Lamb chops<br>ਲੈਂਬ ਚੌਪ<br>1.29 lb. | with free Record for<br>**$100**<br>Grocery |

**We reserve the right to limit the quantity or until last.**



ਹਰਭਜਨ ਸਿੰਘ ਹੁੰਦਲ

## ਕਵੀ ਪੁੱਛਦਾ ਹੈ

ਹੁਣੇ ਦੱਸੋ ਕੀ ਕਹਿਣਾ ਹੈ
ਹੋਰ ਲਹੂ ਕੁਝ ਵਹਿਣਾ ਹੈ ?

ਖਬਰਾਂ ਨੇ ਕੀ ਦੱਸਦੀਆਂ ?
ਲਾਸ਼ਾਂ ਨੇ ਕੀ ਪੁੱਛਦੀਆਂ ?
ਸੰਗੀਨਾਂ ਨੇ ਖਚਰੀ ਹਾਸੀ ਹੱਸਦੀਆਂ ।

ਵਿਹੜੇ ਵਿਚਲੀ ਵੇਲ ਕਿਉਂ ਮੁਰਝਾਈ ਹੈ ?
ਫਿਰ ਪਹਿਲੀ ਰੁੱਤ ਆਈ ਹੈ !
ਮੁੜ ਕੇ ਦਹਿਸ਼ਤ ਨਾਲ ਭਿਆਲੀ ਕਰਨੀ ਹੈ ?
ਫਿਰ ਸੜਕਾਂ ਨੇ ਉਹ ਸ਼ਰਮਿੰਦਗੀ ਜਰਨੀ ਹੈ ।

ਅਫਵਾਹਾਂ ਫਿਰ ਕਾਲੀ ਧੂੜ ਉਡਾਉਣਗੀਆਂ
ਫਿਰ ਜੀਪਾਂ ਕੀ ਘਰ ਘਰ ਗੇੜੇ ਲਾਉਣਗੀਆ ?
ਫਿਰ ਤੋਪਾਂ ਕੀ ਰੁੱਤਾਂ ਫਰਜ਼ ਨਿਭਾਉਣਗੀਆਂ ?

ਹਾਲੀ ਵੀ ਕੋਈ ਘਾਟ ਤੁਹਾਨੂੰ ਲੱਗਦੀ ਹੈ
ਕਿਉਂ ਪੁੱਠੀ ਵਾ ਵਗਦੀ ਹੈ ?
ਫਿਰ ਵੇਲੇ ਸਿਰ ਘਰ ਪਰਤਣ ਦਾ ਖੌਫ ਰਹੇਗਾ
ਨਿਰਦੋਸ਼ੀ ਸੰਤਾਪ ਸਹੇਗਾ ।

ਫਿਰ ਕਾਤਲ ਤੇ ਡਾਕੂ ਸੁਰਖੀ ਬੱਲਣਗੇ
ਧਮਕੀ-ਪੱਤਰ ਘੱਲਣਗੇ ।
ਅੱਲੜ ਗੁੰਡੇ ਥਾਣੇ ਕੁੱਟਾਂ ਝੱਲਣਗੇ ।

ਘਰ ਨੂੰ ਫੂਕਣ ਵਾਲੀ ਕਿਹੜੀ ਘਾਟ ਰਹੀ
ਚਾਨਣ ਵਾਲੀ ਕਿਥੇ ਸਾਡੀ ਵਾਟ ਰਹੀ ।
ਪੈਰ ਪੈਰ ਤੇ ਕੁਰਸੀ ਹੇਠੋਂ ਡੋਲ ਰਹੀ,
ਝੰਡੀ ਵਾਲੀ ਕਾਰ ਭਲਾ ਕੀ ਬੋਲ ਰਹੀ ।

ਦੂਜਿਆਂ ਉਤੇ ਦੋਸ਼ ਬੜੇ ਧਰ ਚੁੱਕੇ ਹੋ ।
ਕੀ ਕੀ ਨਹੀਂ ਕਰ ਚੁਕੇ ਹੋ ।
ਨਾਲ ਕਾਤਲਾਂ ਕਿਵੇਂ ਮੁਹੱਬਤ ਕਰਦੇ ਹੋ ?
ਕਿਸ ਤੇ ਟੇਕਾਂ ਧਰਦੇ ਹੋ ।

ਇਹ ਕਿਹੜੀ ਗੱਲ ਹੈ ਅੱਗ ਤੁਸਾਂ ਸੁਲਗਾ ਦਿਤੀ
ਇਹ ਕਿਹੜੀ ਹੈ ਜ਼ਹਿਰ-ਪੁੜੀ ਛਿੜਕਾ ਦਿਤੀ
ਏਸ ਅੱਗ ਦੇ ਵਿਚ ਤੁਸਾਂ ਵੀ ਸੜਨਾ ਹੈ
ਹਾਲ-ਪਾਹਰਿਆ ਕਰਨਾ ਹੈ ।

ਗੁਰਦੁਵਾਰੇ ਹੁਣ ਦੱਸੋ ਕੀ ਕਹਿੰਦੇ ਨੇ
ਕਿਉਂ ਸਹਿਮੇ ਜਹੇ ਰਹਿੰਦੇ ਨੇ ?
ਇਹ ਗੁਰੂਆਂ ਦੀ ਧਰਤੀ ਕੀ ਕੀ ਝੱਲੇਗੀ
ਕਿਸ ਦਿਨ ਨ੍ਹੇਰੀ ਠੱਲ੍ਹੇਗੀ ।

## ਪੰਜਾਬ-ਸਥਿਤੀ–ਕੁਝ ਕਵਿਤਾਵਾਂ

–ਹਰਭਜਨ ਸਿੰਘ ਹੁੰਦਲ

ਨੀਰੂ ਵਾਂਗੂੰ, ਕਿੱਥੇ ਬਹਿਕੇ
ਆਪਣੀ ਬੀਨ ਵਜਾਉਂਦੇ ਹੋ ।
ਅੱਖਾਂ-ਮੀਟੀ, ਸੁਹਣੇ ਦਿਨ ਲੰਘਾਉਂਦੇ ਹੋ ।

ਹੁਣ ਵੇਲਾ ਹੈ ਜ਼ਰਾ ਨਿਖੇੜਾ ਕਰ ਦੇਵੋ
ਦੋਸ਼ੀ ਉਤੇ ਉਂਗਲ ਹੁਣ ਵੀ ਧਰ ਦੇਵੋ
ਵੱਸਦਾ, ਰੱਸਦਾ
ਨਹੀਂ ਤੇ ਨਗਰ ਸੜ ਜਾਵੇਗਾ
ਫਿਰ ਕਿਹੜਾ ਮਹਿਮਾਨ ਭਲਾ ਘਰ ਆਵੇਗਾ ।

ਤੁਖਣਾ ਦੇ ਕੇ ਬੜੇ ਨਜ਼ਾਰੇ ਵੇਖ ਲਏ,
ਬੰਦੂਕਾਂ ਦੇ ਸੁਹਣੇ ਕਾਰੇ ਵੇਖ ਲਏ,
ਭੂਤਰਿਆਂ ਦੇ ਲਾਡ ਕਦੋਂ ਬੰਦ ਕਰਨੇ ਨੇ,
ਕਿੰਨਾ ਚਿਰ ਹੁਣ ਹੋਰ ਤਮਾਸ਼ੇ ਜਰਨੇ ਨੇ,

ਫੇਰ ਧਰਮ ਨੂੰ ਖਤਰਾ ਕਹਿ ਕਹਿ ਰੋਣਾ ਹੈ
ਫਿਰ ਉਹੀਓ ਕੁਝ ਹੋਣਾ ਹੈ
ਹੁਣ ਦੱਸੋ ਕੀ ਕਹਿੰਦੇ ਹੋ ?
ਕਿਹੜੀ ਖੁੱਡੇ ਰਹਿੰਦੇ ਹੋ !!

## ਪੰਜਾਬ ਦਾ ਗੀਤ

ਹਰਭਜਨ ਸਿੰਘ ਹੁੰਦਲ

ਹੇ ਧਰਤੀ ਦੇਸ ਪੰਜਾਬ ਦੀਏ, ਇਹ ਕੀ ਤੈਨੂੰ ਦੱਸ ਹੋਇਆ ਹੈ
ਕਿਸ ਕਿਸ ਨੇ ਤੇਰੀ ਰੱਤ ਡੋਲ੍ਹੀ, ਕਿਸ ਕਿਸਨੇ ਤੈਨੂੰ ਕੋਹਿਆ ਹੈ

ਤੂੰ ਬੜੇ ਤਸੀਹੇ ਝੱਲੇ ਨੇ
ਤੂੰ ਝੱਲੇ ਕਹਿਰ ਅਵੱਲੇ ਨੇ
ਕੀ ਟੁੱਕਿਆ ਤੇਰੇ ਹਿਰਦੇ ਚੋਂ
ਕੀ ਹਿਰਦੇ ਅੰਦਰ ਮੋਇਆ ਹੈ ?

ਤੈਨੂੰ ਪਿੰਡ ਗਿਰਾਈਂ ਵੱਸਦੀ ਨੂੰ
ਫੁੱਲ ਤਾਜ਼ੇ ਵਾਂਗੂੰ ਹਸਦੀ ਨੂੰ
ਨਾ ਦੋਖੀ ਕੋਲੋਂ ਜਰ ਹੋਇਆ
ਉਸ ਅੱਕ ਥਰ੍ਹੀਂ ਚੋਇਆ ਹੈ,

ਇਕ ਨੂੰ ਤਾਂ ਕਹਿਣ ਕਸਾਈ ਸੀ
ਦੂਜਾ ਤਾਂ ਸਾਡਾ ਭਾਈ ਸੀ
ਰਲ ਦੋਹਾਂ ਚਾੜ੍ਹੇ ਚੰਦ ਨਵੇਂ
ਇਹ ਦੋਹਾਂ ਨੂੰ ਕੀ ਹੋਇਆ ਹੈ ?

ਇਹ ਕੌਣ ਘੁਮਾਈ ਫਿਰਦਾ ਹੈ ?
ਉਂਗਲ ਤੇ ਨਚਾਈ ਫਿਰਦਾ ਹੈ ।
ਇਹ ਕਿਸ ਨੂੰ ਫਾਇਦਾ ਪਹੁੰਚ ਰਿਹਾ,
ਇਹ ਕਿਸ ਨੇ ਡੰਗ ਚਲਾਇਆ ਹੈ ?

ਭੁੱਲ ਭਗਤ ਸਿੰਘ ਸਰਦਾਰਾਂ ਨੂੰ
ਮੂੰਹ ਲਾਈਏ ਕਿਉਂ ਮੂੰਹ-ਮਾਰਾਂ ਨੂੰ
ਇਹ ਤਾਰਾਂ ਕਿੱਥੋਂ ਹਿੱਲਦੀਆਂ
ਇਹ ਕਿੱਥੇ ਹੱਥ ਲੁਕੋਇਆ ਹੈ ?

ਗੁਰੂਆਂ ਦੀ ਬਾਣੀ ਭੁੱਲ ਚੱਲੇ
ਹਰ ਪਿਆਰ-ਕਹਾਣੀ ਭੁੱਲ ਚੱਲੇ
ਇਹ "ਵੇਖ ਕਬੀਰਾ ਰੋਇਆ ਹੈ"

ਇਹ ਕਿਹੜਾ ਧਰਮ ਸਖਾਉਂਦਾ ਹੈ ?
ਮਾਂ-ਜਾਏ ਕਤਲ ਕਰਾਉਂਦਾ ਹੈ
ਇਹ ਛੱਟਾ ਕੌਣ ਪਿਆ ਦਿੰਦਾ
ਬੀ ਕਿੱਕਰ ਦਾ ਕਿਸ ਬੋਇਆ ਹੈ

ਘਰ ਜਾ ਕੇ ਕੀ ਕੀ ਦੱਸਾਂਗੇ ?
ਨਿਰਦੋਸ਼ ਮਰੇ, ਕੀ ਹੱਸਾਂਗੇ ?
ਹਰ ਗਲੀ, ਮਹੱਲਾ ਦਹਿਲ ਗਿਆ
ਹਰ ਵਿਹੜਾ ਪੀੜ-ਪਰੋਇਆ ਹੈ

ਤੂੰ ਉਠ ਤੇ ਅੱਖਾਂ ਖੋਲ੍ਹ ਜ਼ਰਾ
ਸਭ ਦੋਸਤ, ਦੁਸ਼ਮਣ ਟੋਲ ਜ਼ਰਾ
ਕਿਸ ਟਾਂਕੇ ਲਾਏ ਜ਼ਖਮਾਂ ਨੂੰ
ਕਿਸ ਖੰਜਰ ਪੇਟ ਖਭੋਇਆ ਹੈ ?

ਨਾ ਕੋਈ ਅੱਖ ਬੁਰੀ ਹੋਵੇ
ਨਾ ਬੁੱਕਲ ਵਿਚ ਛੁਰੀ ਹੋਵੇ
ਨਾ ਲੱਗੇ ਨਜ਼ਰ ਗੁਲਾਬਾਂ ਨੂੰ
ਮਿਧਿਆਂ ਵੀ, ਛੁੱਟ ਖਲੋਇਆ ਹੈ

## ਸਾਥੀਓ !

ਕੋਈ ਗੀਤ ਦੀ ਮਿਸ਼ਾਲ ਵੀ ਜਗਾਓ ਸਾਥੀਓ,
ਬੋਲ ਉੱਜਲੇ ਹਵਾਵਾਂ 'ਚ ਖਿੰਡਾਓ ਸਾਥੀਓ ।

ਤੁਸੀਂ ਚੜ੍ਹਦੀ ਸਵੇਰ ਦਾ ਸੰਦੇਸ਼ ਹੋ ਨਿਰੇ,
ਕਾਲੀ ਰਾਤ ਦੀ ਚੰਗੇਰ ਕੁਝ ਪਾਓ ਸਾਥੀਓ ।

ਗੱਲਾਂ ਗੱਲਾਂ ਨਾਲ ਬੜੇ ਲੋਕ ਤਾਰੇ ਤੋੜਦੇ,
ਤਾਰੇ ਤੋੜ ਕੇ ਹਥੇਲੀ ਤੇ ਸਜਾਓ ਸਾਥੀਓ ।

ਯੁੱਧ ਚਿੜੀਆਂ ਤੇ ਬਾਜ਼ਾਂ ਦਾ ਹਮੇਸ਼ ਤੋਂ ਰਿਹਾ,
ਇਹਨੂੰ ਜਿੱਤ ਦੇ ਮੁਕਾਮ ਤੇ ਪਹੁੰਚਾਓ ਸਾਥੀਓ ।

ਜਿਥੇ ਕਿਤੇ ਵੀ ਮਨੁੱਖ ਨਾਲ ਧੱਕਾ ਹੋ ਰਿਹਾ,
ਪੈਰ ਪੈਰ ਉਤੇ ਲੜ, ਅੜ, ਜਾਓ ਸਾਥੀਓ ।

ਬੁੱਢੇ ਬੋਹੜ ਦੀਆਂ ਜੜ੍ਹਾਂ ਹੋਈਆਂ ਬਹੁਤ ਬੋਦੀਆਂ,
ਮੁੱਢ ਏਸਦੇ ਨੂੰ ਫੜਕੇ ਹਿਲਾਓ ਸਾਥੀਓ ।

ਉਹਨਾਂ ਕੋਲ ਹੈ ਪੁਲੀਸ, ਜੇਲ੍ਹ, ਫੌਜਾਂ ਭਾਰੀਆਂ,
ਤੁਸੀਂ ਏਕਤਾ ਦੀ ਢਾਲ ਬਣ ਆਓ ਸਾਥੀਓ ।

ਪਾੜੇ ਪਾਉਣਗੇ ਤੇ ਬਾਰ ਬਾਰ ਲਾਰੇ ਲਾਉਣਗੇ,
ਭੇਤ ਸਾਰੀਆਂ ਚਲਾਕੀਆਂ ਦਾ ਪਾਓ ਸਾਥੀਓ ।

ਬਿਨਾਂ ਜੂਝਿਆਂ ਕਲੇਸ਼ ਸਾਡੇ ਨਹੀਂ ਮੁੱਕਣੇ,
ਸਾਰੇ ਪੈਂਤੜੇ ਤੇ ਚਾਲਾਂ ਸਿੱਖ ਜਾਓ ਸਾਥੀਓ ।

ਸਾਥੋਂ ਬਿਨਾਂ ਕਿਸੇ ਹੋਰ ਨਹੀਂ ਸਿਰ ਚੁੱਕਣਾ,
ਸਿਰ ਚੁੱਕਿਆ ਤਾਂ ਮੁੜ ਨਾ ਝੁਕਾਓ ਸਾਥੀਓ ।

ਕਦੇ ਗੀਤ, ਕਦੇ ਬੋਲ, ਕਦੇ ਨਾਅਰਾ ਮਾਰਕੇ,
ਕੰਨਾਂ ਬੋਲਿਆਂ ਨੂੰ ਖੋਲ੍ਹ ਕੇ ਸੁਣਾਓ ਸਾਥੀਓ ।

## ਗ਼ਜ਼ਲ

(ਸੰਤ ਲੌਂਗੋਵਾਲ ਦੇ ਨਾਂ)

ਹੱਥਾਂ ਉੱਤੇ ਸੀਸ ਨਹੀਂ, ਦਸਤਾਰ ਉਠਾਈ ਫਿਰਦੇ ਹਾਂ
ਆਪਣੀਆਂ ਹੀ ਕਰਤੂਤਾਂ ਦਾ ਭਾਰ ਉਠਾਈ ਫਿਰਦੇ ਹਾਂ

ਮਿੱਤਰ, ਵੈਰੀ, ਸਹਿਯੋਗੀ ਦੀ, ਭੋਰਾ ਵੀ ਪਹਿਚਾਣ ਨਹੀਂ
ਆਪਣੇ ਬਾਜ਼ੂ ਕੱਟਣ ਲਈ, ਤਲਵਾਰ ਉਠਾਈ ਫਿਰਦੇ ਹਾਂ

ਜਿਹੜੇ ਰੁੱਖ ਦੀ ਛਾਂਵੇਂ ਬੈਠੇ, ਉਸ ਦੀ ਖੈਰ ਮਨਾਏ ਨਾ
ਕੈਸੇ ਭੈੜੇ ਮੌਸਮ ਦੇ ਆਸਾਰ ਉਠਾਈ ਫਿਰਦੇ ਹਾਂ

ਹਿਰਦੇ ਡੰਡਾ-ਥੋਹਰ ਲਗਾਕੇ, ਪਾਣੀ ਦਿੰਦੇ ਆਪ ਰਹੇ
ਕਿੰਨੀ ਸੁਹਣੀ ਖੇਤੀ ਦੇ, ਇਕਰਾਰ ਉਠਾਈ ਫਿਰਦੇ ਹਾਂ

ਅੰਮ੍ਰਿਤ ਵੇਲੇ ਪਾਠ ਕਰੀਦਾ, ਸੰਧਿਆ ਵੇਲੇ ਹੱਤਿਆਵਾਂ
ਅਸੀਂ ਦੁਮੂੰਹੀਂ ਸੱਪਣੀ ਦਾ ਕਿਰਦਾਰ ਉਠਾਈ ਫਿਰਦੇ ਹਾਂ

FOR THE SOUTH ASIAN COMMUNITY

Sabrung شہر میں اپنی نوعیت کا واحد

SOUTHERN TELEVISION SHOW
GOOD NEWS FOR
THE SOUTH EAST ASIAN COMMUNITIES
LIVING IN BAY AREA

A new kind of television show on Cable Channel 25 can be seen on every Saturday at 6 p.m. regularly full of entertainment, excitement and music. Presents educational and informative program concerning our community's day to day life.

Producer and host: Irfan Ali

KEEP LISTENING TO SABRUNG RADIO & TELEVISION PROGRAM

TELEVISION
(415) 928-1650

SATURDAYS
6:00 p.m.

CHANNEL 25 CABLE
KUSF 90.3 FM

RADIO PROGRAM
SUNDAYS
10-12 NOON

KUSF
90.3 FM

ਪੰਨਾ 20 ਦੀ ਬਾਕੀ ... ਔਲਖ

ਮੀਨਿੰਗਲੈਸ ... ਉਹ ਲਾਈਫ 'ਚ ਬੰਦੇ ਦਾ ਫੇਥ ਘਟਾਉਂਦੇ। ਮੈਂ ਆਪਣੇ ਤੌਰ 'ਤੇ ਦੱਸਿਆ ਕਿ ਲਾਈਫ ਇਜ਼ ਮੀਨਿੰਗਫੁੱਲ .... ਉਸ ਨਾਟਕ ਦੀਆਂ ਬਹੁਤ ਸਾਰੀਆਂ ਗੱਲਾਂ ਮੈਂ ਆਪਣੇ ਦੂਸਰੇ ਨਾਟਕ ... ਜੀਹਨੂੰ ਮੈਂ ਆਪਣਾ ਪਹਿਲਾ ਚੰਗਾ ਨਾਟਕ ਮੰਨਦੈਂ "ਅਰਬਦ ਨਰਬਦ ਧੁੰਦੂਕਾਰਾ" .... ਉਹ ਦੇ 'ਚ ਪਾ 'ਤੀਆਂ ਸੀ ... 'ਈਬਰਾ ਕਦੀਬਰਾ' ਖੇਡਿਆ ਬਹੁਤ ... ਸੁਰਜੀਤ ਸਿੰਘ ਸੇਠੀ ਨੇ ਇਕ ਮੁਕਾਬਲਾ ਕਰਾਇਆ ਸੀ। ਉਹ ਦੇ 'ਚ ਇਹ ਨਾਟਕ ਫਸਟ ਆ ਗਿਆ ... ।

? ਤੁਸੀਂ ਡਾਇਰੈਕਟ ਕੀਤਾ ਸੀ ?

— ਹਾਂ ਲਿਖਿਆ ਵੀ ਮੈਂ ਤੇ ਡਾਇਰੈਕਟ ਵੀ ਮੈਂ ਈ ਕੀਤਾ । ਸਾਡੇ ਵਿਦਿਆਰਥੀ ਲੈ ਕੇ ਗਏ ਸਨ ... ਐਵੇਂ ਚਾਉ ਸੀ ਬਈ ਲੈ ਕੇ ਜਾਣੈ .... ਉਹ ਫਸਟ ਈ ਆ ਗਿਆ ਤੇ ਮੈਂ ਖਵਨੀ ਸੈਕਿੰਡ ਜਾਂ ਥਰਡ ਬੈਸਟ ਡਾਇਰੈਕਟਰ ਵੀ ਆ ਗਿਆ ... ਮੋਰ ਓਵਰ ਉਹ ਦੇ ਸੈਮੂਅਲ ਬੈਕਟ ਦੇ ਪਾਤਰ ਸੀ ਨਾ 'ਵੇਟਿੰਗ ਫਾਰ ਦਾ ਗੋਦੋ' ਵਾਲੇ, ਉਨ੍ਹਾਂ 'ਚੋਂ ਦੋ ਪਾਤਰ ਲੈ ਕੇ ਆਪਣੇ ਢੰਗ ਨਾਲ ਪਾਏ ਸਨ ... ਉਥੇ ਲੋਕਾਂ ਕਿਹਾ ਬਈ ਬੜੀ ਡੂੰਘੀ ਗੱਲ ਕੀਤੀ ਐ .... ਭਾਵੇਂ ਗੱਲ ਓਡੀ ਡੂੰਘੀ ਨਾ ਵੀ ਹੋਵੇ ਪਰ ਮੈਂ ਸਿਨਸੀਅਰ ਸਾਂ, ਕੋਈ ਗੱਲ ਕਹਿਣੀ ਚਾਹੁੰਦਾ ਸਾਂ ... ਪਰ ਉਹ ਐਕਸ਼ਨ ਦੇ ਪੱਖੋਂ ਫਸਟ ਆ ਗਿਆ ... ।

? ਇਹ ਦਾ ਮਤਲਬ ਹੈ ਕਿ ਨਾਟਕ ਦੇ ਖੇਤਰ ਵਿਚ ਤੁਹਾਡੀ ਇਹ ਪਹਿਲੀ ਪ੍ਰਾਪਤੀ ਸੀ ?

— ਇਹ ਠੀਕ ਐ ਪਰ ਅਸਲ ਰਿਕਗਨੀਸ਼ਨ ਮੈਨੂੰ .... ਬਾਅਦ 'ਚ ਮੈਂ ਇਕ ਪਲੇਅ ਖੇਡਿਆ .... ਫਰੀਦਕੋਟ ਕਾਲਜ ਵਿਚ "ਸੱਸ ਚੰਦਰੀ ਦਾ ਭੂਤ" ਇਹ ਨਾਟਕ ਅਸਲ 'ਚ ਗੁਰਚਰਨ ਸਿੰਘ ਜਸੂਜਾ ਦਾ ਨਾਟਕ ਸੀ 'ਭਾਬੋ ਦਾ ਭੂਤ' ... ਮੈਂ ਬਹੁਤ ਚਿਰ ਪਹਿਲਾਂ ਪੜ੍ਹਿਆ ਸੀ .... ਇਸ ਦੀ ਪੇਸ਼ਕਾਰੀ ਨੇ ਮੈਨੂੰ ਸਭ ਤੋਂ ਵੱਧ ਤਸੱਲੀ ਦਿੱਤੀ ... ਮੈਂ ਤਾਂ ਜੇਲ੍ਹ ਵਿਚ ਸੀ ਪਰ ਨਾਟਕ ਖੇਡਣ ਵਾਲੀਆਂ ਬੱਚੀਆਂ ਨੇ ਮੈਨੂੰ ਦੱਸਿਆ .... ਕਿ ਬੜੀ ਤਾਰੀਫ ਹੋਈ ..... ਗੁਰਦਿਆਲ ਸਿੰਘ ਨੇ ਪਤਾ ਨਹੀਂ ਅਚੇਤ ਤੌਰ 'ਤੇ ਜਾਂ ਸੁਚੇਤ ਤੌਰ 'ਤੇ ਕਿ ਮੈਂ ਕੋਈ ਗੱਲ ਕਰ ਸਕਦੈਂ। ਉਸ ਤੋਂ ਬਾਅਦ ਮੈਂ "ਬਗਾਨੇ ਬੋਹੜ ਦੀ ਛਾਂ" ਲਿਖਿਆ .... ਇਹ ਨਾਟਕ ਮੈਂ ਪੂਰੀ ਸੰਜੀਦਗੀ ਨਾਲ ਲਿਖਿਆ .... ਬਸ ਕੁਦਰਤੀ ਇਹ ਨਾਟਕ ਇਹੋ ਜਿਹਾ ਨਿਕਲਿਆ ਕਿ ਜਿਥੇ ਵੀ ਜਾਈਏ ... ਸਟੇਟ ਪੱਧਰ ਦਾ ਇਨਾਮ ਇਹ ਨੂੰ ਮਿਲਿਆ .... ਫੇਰ ਬੇਹੱਦ ਵਾਰ ਇਹ ਨਾਟਕ ਸਟੇਜ ਹੋਇਆ ਬੜੀ ਵਾਹਵਾ ਖੱਟੀ ... ।

? ਤੁਹਾਡੇ ਸਾਹਿਤ ਰਚਨਾ ਦੇ ਪਹਿਲੇ ਦੌਰ ਦੀ ਕੋਈ ਪ੍ਰੇਰਨਾ .... ?

— ਪ੍ਰੇਰਨਾ ... ਜੇ ਤਾਂ ਕਿਸੇ ਕੁੜੀ ਬਾਰੇ ਕਹਿ ਰਹੇ ਹੋ ਤਾਂ ਮੈਂ ਬੜਾ ਸਪੱਸ਼ਟ ਹਾਂ ਕਿ ਪ੍ਰੇਰਨਾ ਰੁਮਾਂਸ ਤੋਂ ਨਹੀਂ ਮਿਲਦੀ, ਪ੍ਰੇਰਨਾ ਤਾਂ ਜ਼ਿੰਦਗੀ ਤੋਂ ਹੀ ਮਿਲਦੀ ਹੈ ...।

? ਚਲੋ ਇਉਂ ਈ ਸਹੀ, ਕੋਈ ਕੁੜੀ ਜ਼ਿੰਦਗੀ 'ਚ ਆਈ ਕਿ ਨਹੀਂ ?

— ਇਹ ਤਾਂ ਬੜਾ ਦਿਲਚਸਪ ਕਿੱਸਾ ਐ ... ਸਾਡੇ ਪਿੰਡ ਜਦੋਂ ਸਰਦਾਰ ਜ਼ਮੀਨ ਛੱਡ ਕੇ ਲੋਕਾਂ ਨੂੰ ਦੇਣ ਲੱਗੇ ਤਾਂ ਕੁਝ ਬਾਹਰਲੇ ਲੋਕ ਆਏ, ਜ਼ਮੀਨ ਲੈਣ ਵਾਸਤੇ .... ਪਤਾ ਨਹੀਂ ਕਿਹੜੇ ਜ਼ਿਲੇ ਦੇ ਸੀਗੇ ... ਉਨ੍ਹਾਂ ਦੇ ਨਾਲ ਇਕ ਕੁੜੀ ਆਈ ... ਕੁੜੀ ਪੜ੍ਹੀ ਲਿਖੀ ਸੀ, ਸਾਡੇ ਪਿੰਡ 'ਚ ਮੈਂ ਪਹਿਲੀ ਵੇਰ ਸੁਣਿਆ ਸੀ ਕਿ ਕੁੜੀ ਪੜ੍ਹੀ ਲਿਖੀ ਹੋਵੇ ... ਉਹ ਅੱਠ ਕੁ ਜਮਾਤਾਂ ਪੜ੍ਹੀ ਸੀ ਤੇ ਮੈਂ ਸਮਝਦਾ ਸੀ ਮੈਂ ਵੀ ਪੜ੍ਹਿਆ ਲਿਖਿਆ ਹਾਂ .... ਉਹ ਦਾ ਨਾਂ ਦਰਸ਼ਨ ਸੀ, ਮੈਂ ਉਹਦੇ ਵੱਲ ਖਿਚਿਆ ਗਿਆ ਪਰ ਮੇਰੀ ਹਿੰਮਤ ਨਾ ਪਵੇ ਉਹ ਨੂੰ ਕੁਝ ਕਹਾਂ .... ਸਰਦਾਰਾਂ ਨੇ ਜਿਹੜਾ ਘਰ ਉਨ੍ਹਾਂ ਨੂੰ ਦਿੱਤਾ ਸੀ ਉਸ ਦੇ ਨਾਲ ਲਗਵਾਂ ਨਾਈਆਂ ਦਾ ਘਰ ਸੀ, ਉਹ ਨਾਇਣ ਮੇਰੀ ਮਾਸੀ ਲਗਦੀ ਹੁੰਦੀ, ਹੁਣ ਵੀ ਜਿਉਂਦੀ ਐ .... ਮੈਂ ਉਹ ਦੇ ਬਹਾਨੇ ਉਨ੍ਹਾਂ ਦੇ ਘਰ ਬਹਿ ਜਾਂਦਾ, ਉਹ ਉਥੇ ਆ ਜਾਂਦੀ, ਪਰ ਮੈਥੋਂ ਕਿਹਾ ਕਦੇ ਵੀ ਕੁਛ ਨਾ ਗਿਆ .... ਮੈਂ ਉਦੋਂ ਦਸਵੀਂ 'ਚ ਹੁੰਦਾ ਸੀ, ਫੇਰ ਅਸੀਂ ਭੀਖੀ ਰਹਿੰਦੇ ਹੁੰਦੇ, ਮੈਂ, ਕਾਮਰੇਡ ਹਾਕਮ ਤੇ ਭੀਖੀ ਦਾ ਇਕ ਹੋਰ ਮੁੰਡਾ ਗੁਰਚਰਨ ਚਾਹਲ ... ਅਸੀਂ ਤਿੰਨੇ ਇਕ ਕਮਰੇ 'ਚ ਰਹਿੰਦੇ ਹੁੰਦੇ ... ਮੈਂ ਝੂਠੀ ਮੂਠੀ ਗੱਲ ਬਣਾ ਕੇ ਉਨ੍ਹਾਂ ਨੂੰ ਦੱਸਦਾ ਰਹਿੰਦਾ ਬਈ ਮੇਰਾ ਉਹਦੇ ਨਾਲ ਪੂਰਾ ਇਸ਼ਕ ਐ ... ਉਹ ਕਿਹਾ ਕਰਨ ਐਵੇਂ ਮਾਰਦੈਂ .... ਇਕ ਦਿਨ ਅੱਧੀ ਰਾਤ ਨੂੰ ਮੈਂ ਕਿਹਾ ... ਮੈਨੂੰ ਤਾਂ ਉਹ ਯਾਦ ਆਉਂਦੀ ਐ, ਮੈਂ ਤਾਂ ਮਿਲਣ ਜਾਊਂ ... ਹੁਣੇ ਜਾਊਂ ... ਹਾਕਮ ਦਸਵੀਂ ਤਕ ਬਾਹਲਾ ਆਦਰਸ਼ਵਾਦੀ ਜਿਹਾ ਸੀ, ਕਹਿਣ ਲੱਗਾ, ਆਪਾਂ ਪੜ੍ਹਨੇ ਆਪਣੇ ਇਮਤਿਹਾਨ ਆ ਗੇ .... ਉਹ ਜਿੰਨਾ ਕਹੇ ਮੇਰੇ 'ਚ ਵਿਰੋਧ ਪੈਦਾ ਹੋਵੇ ... ਮੈਂ ਤਾਂ ਜ਼ਰੂਰ ਜਾਊਂ .... ਪਿੰਡ ਜਾਊਂ ... ਉਹ ਹਾਰ ਕੇ ਮੈਨੂੰ ਕੁੱਟਣ ਲੱਗਗੇ.... ਮੈਂ ਕਹਾਂ ਮੈਨੂੰ ਤਾਂ ਉਹ ਨੇ ਟੈਮ ਦਿਤਾ ਹੋਇਐ, ਮੈਂ ਤਾਂ ਜਾਊਂ ... ਨਾ ਕੋਈ ਟੈਮ ਦਿਤਾ ਵਿਆ, ਨਾ ਕੋਈ ਗੱਲ ਨਾ ਕੋਈ ਬਾਤ .... ਅਖੀਰ ਉਹ ਕੁੱਟ ਕੁੱਟ ਕੇ ਹਾਰਗੇ, ਕਹਿੰਦੇ ਜਾ ਬਈ ... ਮੈਂ ਰਾਤ ਨੂੰ ਅੱਧੀ ਰਾਤ ਸਾਈਕਲ ਲਿਆ, ਤੁਰ ਤਾਂ ਪਿਆ ... ਫੇਰ ਸੋਚਾਂ ਬਈ ਰਾਹ 'ਚ ਜੇ ਡਾਕੂ ਮਿਲ ਪੇ, ਕੋਈ ਜੰਗਲੀ ਜਾਨਵਰ ਮਿਲ ਪਿਆ ਫੇਰ ... ਡਰ ਬੀ ਲੱਗੇ ... ਮੈਂ ਪਿੰਡ ਆ ਗਿਆ, ਪਿੰਡ ਆ ਕੇ ਸਰਦਾਰਾਂ ਦੇ ਘਰ ਮੂਹਰੇ ਖੜ੍ਹ ਕੇ ਉਥੋਂ ਮੁੜ ਕੇ ਰਾਤੋ ਰਾਤ ਵਾਪਸ ਪਹੁੰਚ ਗਿਆ ... ਮੈਂ ਤਾਂ ਉਹ ਦਾ ਏਨਾ ਸ਼ੈਦਾਈ ਸੀ ਕਿ ਕਮਰੇ 'ਚ ਲਿਖ ਕੇ ਲਾਇਆ ਹੋਇਆ ਸੀ, 'ਦਰਸ਼ਨ ਦੇਖ ਜੀਵਾਂ ਦਰਸ਼ਨ ਤੇਰਾ' ....ਏਸੇ ਤਰ੍ਹਾਂ ਪਟਿਆਲੇ ਦੇ ਇਕ ਗਿਆਨੀ ਕਾਲਜ 'ਚ ਇਕ ਕੁੜੀ ਹੁੰਦੀ ਸੀ ਪ੍ਰਿਤਪਾਲ, ਉਹ ਕੁੜੀ ਝਿਉਰਾਂ ਦੀ ਸੀ ਰੰਗ ਵੀ ਕਾਲਾ ਸੀ ... ਉਦੋਂ ਸਾਡੇ 'ਤੇ ਗੁਰਬਖਸ਼ ਸਿੰਘ ਦਾ ਬੜਾ ਪ੍ਰਭਾਵ ਹੁੰਦਾ ... ।



ਔਲਖ ਤੇ ਉਸ ਦੀ ਕਲਾਕਾਰ ਪਤਨੀ ਮਨਜੀਤ ਔਲਖ ।

? ਹਮੇਸ਼ਾ ਗੁਰਬਖਸ਼ ਸਿੰਘੀ ਰਿਸ਼ਤੇ ਹੀ ਰਹੇ ਜਾਂ ...?

— ਏਸ ਰੂਪ 'ਚ ਹਮੇਸ਼ਾ ਗੁਰਬਖਸ਼ ਸਿੰਘ ਹੀ ਛਾਇਆ ਰਿਹਾ ।

? ਅੱਛਾ, ਇਹ ਦੱਸੋ ਤੁਹਾਡਾ ਵਿਆਹ ਕਦੋਂ ਹੋਇਆ ?

— ਵਿਆਹ ਮੇਰਾ ਖਨੀ 66 'ਚ ਖਨੀ 67 'ਚ ਹੋਇਆ ਸੀ .....

? ਇਹ ਅਰੇਂਜਡ ਮੈਰਿਜ ਸੀ ?

— ਹਾਂ, ਅਰਜੇਂਡ ਸੀ । ਸਾਡੇ ਪਿੰਡ ਦੇ ਕਿਸੇ ਬੰਦੇ ਨੇ ਰਿਸ਼ਤਾ ਕਰਾਇਆ ਸੀ ... ਘਰਦਿਆਂ ਨੇ ਮੈਨੂੰ ਚਿੱਠੀ ਲਿਖੀ ਕਿ ਤੈਨੂੰ ਵੇਖਣ ਵਾਲੇ ਆਏ ਐ, ਜਦੋਂ ਗੱਲ ਚੱਲੀ ਮੈਂ ਐਮ. ਏ. 'ਚ ਪੜ੍ਹਦਾ ਸੀ .... ਮੈਂ ਘਰਦਿਆਂ ਨੂੰ ਚਿੱਠੀ ਲਿਖੀ ... ਇਹ ਗੱਲ ਮੇਰੇ ਸਹੁਰੇ ਨੂੰ ਬੜੀ ਪਸੰਦ ਆਈ, ਉਹ ਪੁਲੀਸ 'ਚ ਹੌਲਦਾਰ ਸੀ ਪਤਾ ਨਹੀਂ ਪੁਲੀਸ ਆਲੇ ਨੂੰ ਇਹ ਗੱਲ ਕਿਵੇਂ ਚੰਗੀ ਲੱਗੀ ... ਮੈਂ ਕਿਹਾ ਕਿ ਮੈਨੂੰ ਦਿਖਾਉਣ ਤੋਂ ਪਹਿਲਾਂ ਆਪਣਾ ਜਿਹੜਾ ਘਰ ਢਹਿਆ ਹੋਇਐ ਪਰਲੇ ਪਾਸੇ ਆਲਾ ਉਹ

ਬਾਕੀ ਪੰਨਾ 22 ਉਤੇ


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# ਅਤਿਵਾਦੀ ਆਜ਼ਾਦੀ ਵੱਲ ਨਹੀਂ ਗ਼ੁਲਾਮੀ ਦੀਆਂ ਜ਼ੰਜੀਰਾਂ ਵੱਲ ਵੱਧ ਰਹੇ ਹਨ

—ਦਰਸ਼ਨ ਸਿੰਘ ਕੈਨੇਡੀਅਨ—

ਪਾਕਿਸਤਾਨ ਦੀ ਹੀ ਤਰ੍ਹਾਂ ਖਾਲਿਸਤਾਨ ਦਾ ਸੰਕਲਪ ਵੀ ਅੰਗਰੇਜ਼ ਸਾਮਰਾਜ ਦੀ "ਪਾੜੋ ਤੇ ਰਾਜ ਕਰੋ" ਦੀ ਨੀਤੀ ਦੀ ਹੀ ਉਪਜ ਹੈ। ਆਜ਼ਾਦੀ ਤੋਂ ਇਕਦਮ ਪਹਿਲਾਂ ਤੇ ਬਾਅਦ ਦੇ ਸਾਲਾਂ ਵਿਚ ਖਾਲਿਸਤਾਨ ਵਰਗੇ ਪਾੜੂ ਤੇ ਵੱਖਵਾਦੀ ਸੰਕਲਪ ਨੂੰ ਸਿੱਖ ਜਨ ਸਮੂਹਾਂ ਵਿਚੋਂ ਵੀ ਉਕਾ ਹੀ ਕੋਈ ਹੁੰਗਾਰਾ ਨਹੀਂ ਸੀ ਮਿਲਦਾ ਕਿਉਂਕਿ ਦੇਸ਼ ਲੋਕੀਂ ਵੰਡ ਦੀ ਅਪਾਰ ਤਬਾਹੀ ਦੇ ਭਿਆਨਕ ਅਨੁਭਵ ਵਿਚੋਂ ਲੰਘ ਚੁਕੇ ਸਨ ਤੇ ਸਿੱਖ ਜਨਤਾ ਦੇ ਵੱਡੇ ਹਿਸੇ ਦੇਸ਼ ਦੀ ਮੁਖ ਕੌਮੀ ਜਮਹੂਰੀ ਧਾਰਾ ਨਾਲ ਜੁੜੇ ਹੋਏ ਸਨ। ਇਸ ਲਈ ਸਿੱਖ ਫਿਰਕੂ ਆਗੂ ਵੀ ਸਿੱਖ ਰਾਜ ਦੀ ਗੱਲ ਕਰਨ ਤੋਂ ਸੰਕੋਚ ਕਰਦੇ ਸਨ। ਜਦੋਂ ਛੇਵੇਂ ਦਹਾਕੇ ਦੇ ਅੰਤਲੇ ਸਾਲਾਂ ਵਿਚ ਜਗਜੀਤ ਸਿੰਘ ਚੌਹਾਨ ਵਰਗੇ ਪਾਖੰਡੀ ਰਾਜਸੀ ਆਗੂ ਨੇ ਖਾਲਿਸਤਾਨ ਦਾ ਸ਼ੋਸ਼ਾ ਛੱਡਿਆ ਤਾਂ ਬਹੁਤੇ ਲੋਕੀਂ ਇਸ ਨੂੰ ਇਕ ਮਖੌਲ ਤਸੱਵਰ ਕਰਦੇ।1972 ਵਿਚ ਆਨੰਦਪੁਰ ਸਾਹਿਬ ਦੇ ਮਤੇ ਰਾਹੀਂ ਅਕਾਲੀ ਆਗੂਆਂ ਨੇ ਸਿੱਖਾਂ ਦੇ ਬੋਲ ਬਾਲੇ ਵਾਲ਼ੇ ਪੰਜਾਬ ਦੀ ਮੰਗ ਕਰਕੇ ਨਿਰੋਲ ਸਿੱਖ ਰਾਜ ਦੇ ਬੀਜ ਬੀਜੇ ਦੂਜੇ ਪਾਸੇ ਹਾਕਮ ਕਾਂਗਰਸ ਪਾਰਟੀ ਦੇ ਕੁਝ ਬੇਅਸੂਲੇ ਤੇ ਕੁਰਸੀ ਦੇ ਭੁੱਖੇ ਆਗੂਆਂ ਨੇ ਅਕਾਲੀ ਦਲ ਨੂੰ ਪਰੇਸ਼ਾਨ ਤੇ ਕਮਜ਼ੋਰ ਕਰਨ ਲਈ ਮੁੱਠੀ ਭਰ ਖਾਲਿਸਤਾਨੀਆਂ ਦੀ ਪਿੱਠ ਠੋਕਣੀ ਤੇ ਸਰਪ੍ਰਸਤੀ ਅਰੰਭ ਦਿਤੀ। 1981 ਵਿਚ ਅਕਾਲੀ ਆਗੂਆਂ ਨੇ ਅਮਰੀਕਨ ਸਿੱਖ ਗੰਗਾ ਸਿੰਘ ਢਿੱਲੋਂ ਤੋਂ ਪ੍ਰੇਰਨਾ ਲੈ ਕੇ "ਸਿੱਖ ਇਕ ਵੱਖਰੀ ਕੌਮ" "ਸਿੱਖਾਂ ਨਾਲ ਵਿਤਕਰੇ" ਦਾ ਰਾਗ ਅਲਾਪ ਕੇ ਖਾਲਿਸਤਾਨ ਲਈ ਸਿਧਾਂਤਕ ਬੁਨਿਆਦ ਪ੍ਰਦਾਨ ਕੀਤੀ ਤੇ ਪਿੱਛੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਸਿਧੇ ਢੰਗ ਨਾਲ ਖਾਲਿਸਤਾਨ ਦੀ ਮੰਗ ਪ੍ਰਚਾਰਨੀ ਸ਼ੁਰੂ ਕੀਤੀ। 1986 ਦੇ ਅਪਰੈਲ ਮਹੀਨੇ ਦਮਦਮੀ ਟਕਸਾਲ ਤੇ ਸਰਬ ਹਿੰਦ ਸਿੱਖ ਵਿਦਿਆਰਥੀ ਫੈਡਰੇਸ਼ਨ ਦੀ ਪੰਥਕ ਦੀ ਸਥਾਪਨਾ ਦਾ ਐਲਾਨ ਕਰਕੇ ਵਿਦੇਸ਼ਾਂ ਤੋਂ ਇਸ ਨੂੰ ਮਾਨਤਾ ਪ੍ਰਦਾਨ ਕਰਨ ਦੀ ਮੰਗ ਕੀਤੀ ਅਤੇ ਅੱਜ ਖਾਲਿਸਤਾਨੀ ਅਤਿਵਾਦੀ ਭਾਰਤ ਵਿਰੁੱਧ ਇਕ ਹਥਿਆਰਬੰਦ ਲੜਾਈ ਲੜ ਰਹੇ ਹਨ ਜੋ ਸਾਡੇ ਸਮੂਹ ਦੇਸ਼ ਵਾਸੀਆਂ ਲਈ ਜੀਣ-ਮਰਨ ਦਾ ਇਕ ਪ੍ਰਸ਼ਨ ਬਣ ਚੁਕਿਆ ਹੈ।

## ਸਾਮਰਾਜੀ ਸੰਕਲਪ

ਇਸ ਪਿਛੋਕੜ ਵਿਚ ਅੱਜ ਤੋਂ ਚੰਦ ਸਾਲ ਪਹਿਲੇ ਆਮ ਲੋਕੀਂ ਦੋਨੋਂ ਹਿੰਦੂ ਤੇ ਸਿੱਖ ਖਾਲਿਸਤਾਨੀ ਸੰਕਲਪ ਦਾ ਮਖੌਲ ਉਡਾਉਂਦੇ ਸਨ। ਅਜ ਅਕਾਲੀ ਫਿਰਕੂ ਰਾਜਸੀ ਪਹੁੰਚ,ਹਿੰਦੂ ਫਿਰਕੂ ਲੀਡਰਾਂ ਦੀ ਤੰਗ ਨਜ਼ਰੀ ਤੇ ਕਾਂਗਰਸ ਪਾਰਟੀ ਦੀ ਮੌਕਾਪ੍ਰਸਤ ਨੀਤੀ ਕਾਰਨ ਕਾਫੀ ਲੋਕਾਂ ਦੀ ਇਹ ਧਾਰਨਾ ਬਣ ਚੁਕੀ ਹੈ ਕਿ ਖਾਲਿਸਤਾਨ ਦੀ ਸਥਾਪਨਾ ਅਟੱਲ ਹੈ,ਦਲੀਲ ਕੁਝ ਇਸ ਤਰ੍ਹਾਂ ਚਲਦੀ ਹੈ ਜਿਸ ਚੀਜ਼ ਦਾ ਨਾਂ ਰਖ ਹੋ ਜਾਵੇ ਉਹ ਅਵੱਸ਼ ਹੀ ਬਣ ਕੇ ਰਹਿੰਦੀ ਹੈ। ਅਤੇ ਹੋਰ ਅੱਗੇ "ਦੇਖੋ ਜੀ ਪਹਿਲਾਂ ਆਖਦੇ ਸਨ ਪਾਕਿਸਤਾਨ ਕਦੇ ਨਹੀਂ ਬਣ ਸਕਦਾ ਉਹ ਬਣ ਗਿਆ। ਫੇਰ ਪਾਕਿਸਤਾਨੀ ਕਹਿੰਦੇ ਸਨ ਬੰਗਲਾ ਦੇਸ਼ ਕਦਾਚਿਤ ਨਹੀਂ ਬਨਣ ਦੇਵਾਂਗੇ, ਉਹ ਬਣ ਚੁਕਿਆ ਹੈ। ਫੇਰ ਸਾਡੇ ਕੁਝ ਸੂਰਮੇ ਆਗੂ ਆਖਦੇ ਸਨ ਕਿ ਪੰਜਾਬੀ ਸੂਬਾ ਉਨ੍ਹਾਂ ਦੀਆਂ ਲਾਸ਼ਾਂ ਉਤੇ ਬਣੇਗਾ। ਅਜ ਉਹ ਲਾਸ਼ਾਂ ਤਾਂ ਸਹੀ ਸਲਾਮਤ ਤੁਰੀਆਂ ਫਿਰਦੀਆਂ ਹਨ ਪਰ ਪੰਜਾਬੀ ਸੂਬਾ ਬਣਕੇ ਖਾਲਿਸਤਾਨ ਵੱਲ ਪੁਲਾਂਘਾਂ ਪੁਟ ਰਿਹਾ ਹੈ।"

ਜਨ ਸਾਧਾਰਣ ਦੀਆਂ ਉਪਰੋਕਤ ਧਾਰਨਾਵਾਂ ਨੂੰ ਖਾਲਿਸਤਾਨੀ ਅਤਿਵਾਦੀਆਂ ਹਥੋਂ ਹੋ ਰਹੇ ਨਿਰਦੋਸ਼ ਹਿੰਦੂ ਭਰਾਵਾਂ ਤੇ ਅਸਹਿਮਤ ਸਿਖਾਂ ਦੇ ਕਤਲਾਂ, ਸੈਂਕੜੇ ਹਿੰਦੂ ਪਰਿਵਾਰਾਂ ਦੇ ਸਰਹੱਦੀ ਇਲਾਕੇ ਵਿਚੋਂ ਉਜਾੜੇ, ਬਾਕੀ ਦੇਸ਼ ਅੰਦਰ ਸਿੱਖਾਂ ਨੂੰ ਹਿੰਦੂ ਫਿਰਕੂ ਸੰਗਠਨਾਂ ਵਲੋਂ ਦਿਤੀਆਂ ਜਾ ਰਹੀਆਂ ਧਮਕੀਆਂ ਤੇ ਬਹੁਤ ਹਾਲਤਾਂ ਵਿਚ ਪ੍ਰਸ਼ਾਸਨ ਦੀ ਬੇਬਸੀ ਕਾਰਣ, ਦਿਨੋਂ ਦਿਨ ਬੱਲ ਮਿਲ ਰਿਹਾ ਹੈ। ਇਸ ਵਰਤਾਰੇ ਦਾ ਪ੍ਰਭਾਵ ਇੰਨਾ ਪ੍ਰਬਲ ਹੁੰਦਾ ਜਾ ਰਿਹਾ ਹੈ ਕਿ ਚੰਡੀਗੜ੍ਹ ਵਿਚ ਇਕ ਪ੍ਰਭਾਵਸ਼ੀਲ ਧਰਮ ਨਿਰਪੱਖ ਸਿੱਖ ਬੁਧੀਮਾਨ ਨੇ ਮੈਨੂੰ ਖੁਦ ਕਿਹਾ, "ਹੁਣ ਖਾਲਿਸਤਾਨ ਤਾਂ ਬਣ ਜਾਣਾ ਹੈ, ਮੈਂ ਹਰਿਆਣੇ ਵਿਚੋਂ ਆਪਣੀ ਜ਼ਮੀਨ ਵੇਚ ਰਿਹਾ ਹਾਂ।" ਉਪਰੰਤ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਨੂੰ ਇਹ ਦੱਸਿਆ ਗਿਆ ਕਿ 'ਇਨਕਲਾਬੀ' ਖੱਬੀ ਪਾਰਟੀ ਦੇ ਪ੍ਰਸਿੱਧ ਆਗੂ ਦਾ ਵਿਚਾਰ ਹੈ ਕਿ ਅਤਿਵਾਦੀਆਂ ਵਿਰੁਧ ਸੰਘਰਸ਼ ਵਿਚ "ਇਨਕਲਾਬੀ



ਕਾਰਕੁਨ" ਸਰਵਾਉਣ ਦਾ ਕੀ ਲਾਭ ਹੈ ਜਦੋਂ ਕਿ ਖਾਲਿਸਤਾਨ ਤਾਂ ਬਣ ਵੀ ਜਾਣਾ ਹੈ — ਆਪਾਂ ਬਾਅਦ ਵਿਚ ਖਾਲਿਸਤਾਨ ਵਿਚ ਇਨਕਲਾਬ ਕਰ ਲਵਾਂਗੇ।"

ਉਪਰੋਕਤ ਸੰਦਰਭ ਵਿਚ ਇਹ ਗੰਭੀਰ ਪ੍ਰਸ਼ਨ ਉਠਦਾ ਹੈ ਕਿ ਕੀ ਅਜੋਕੇ ਭਾਰਤ ਤੇ ਸੰਸਾਰ ਵਿਚ ਖਾਲਿਸਤਾਨ ਦੀ ਸਥਾਪਨਾ ਸੰਭਵ ਹੈ? ਕੀ ਇਹ ਧਾਰਨਾ ਯਥਾਰਥ ਤੇ ਆਧਾਰਤ ਹੈ ਜਾਂ ਘੋਰ ਰਾਜਸੀ ਅਗਿਆਨਤਾ ਤੋਂ ਉਪਜਦੀ ਹੈ?

## ਬਣ ਕੇ ਰਹੇਗਾ ਖਾਲਿਸਤਾਨ

ਇਤਿਹਾਸ ਸਾਖੀ ਹੈ ਕਿ ਕਿਸੇ ਵੀ ਦੇਸ਼ ਵਿਚੋਂ ਨਵੇਂ ਵੱਖਰੇ ਰਾਜ ਕੇਵਲ ਉਸ ਸਮੇਂ ਉਪਜਦੇ ਹਨ ਜਦੋਂ ਉਸ ਦੇਸ਼ ਦਾ ਰਾਜਸੀ ਢਾਂਚਾ ਢਹਿ ਢੇਰੀ ਹੋ ਜਾਵੇ। ਪਹਿਲੇ ਸੰਸਾਰ ਯੁੱਧ ਤੋਂ ਬਾਅਦ ਯੂਰਪ ਤੇ ਪੱਛਮੀ ਏਸ਼ੀਆ ਵਿਚ ਅਨੇਕ ਦੇਸ਼ ਫਿਨਲੈਂਡ, ਪੋਲੈਂਡ, ਚੈਕੋਸਲਵਾਕੀਆ, ਯੂਗੋਸਲਾਵੀਆ, ਸੀਰੀਆ, ਲੇਬੰਨਾਨ, ਈਰਾਕ, ਬਾਲਟਕ, ਦੇਸ਼ ਆਦਿ ਉਸ ਸਮੇਂ ਹੋਂਦ ਵਿਚ ਆਏ ਜਦੋਂ ਉਸ ਸਮੇਂ ਦੀਆਂ ਤਿੰਨ ਵੱਡੀਆਂ ਸਲਤਨਤਾਂ, ਜ਼ਾਰਸ਼ਾਹੀ ਰੂਸ, ਆਡੋਮਾਨ, ਤੁਰਕ ਤੇ ਹੈਪਸਬਰਗੀ ਆਸਟਰੀਆ, ਹੰਗਰੀ, ਜੰਗ ਜਾਂ ਇਨਕਲਾਬ ਕਾਰਣ ਢਹਿ ਢੇਰੀ ਹੋ ਗਈਆਂ। 1947 ਵਿਚ ਪਾਕਿਸਤਾਨ ਇਸ ਕਰਕੇ ਹੋਂਦ ਵਿਚ ਆ ਗਿਆ ਕਿਉਂਕਿ ਭਾਰਤੀ ਰਾਜ ਦੇ ਉਸ ਸਮੇਂ ਦੇ ਅੰਗਰੇਜ਼ ਸਾਮਰਾਜੀ ਪ੍ਰਭੂ ਖੁਦ ਇਸ ਨੂੰ ਸਥਾਪਤ ਕਰਨ ਉਤੇ ਤੁਲੇ ਹੋਏ ਸਨ ਤੇ ਸਾਡੇ ਕੌਮੀ ਆਗੂ ਇਸ ਨੂੰ ਰੋਕਣ ਲਈ ਇਕ ਗ੍ਰਹਿ ਯੁੱਧ ਲੜਨ ਤੋਂ ਕਤਰਾਂਦੇ ਸਨ। ਬੰਗਲਾ ਦੇਸ਼ ਇਸ ਕਰਕੇ ਵਜੂਦ ਵਿਚ ਆ ਗਿਆ ਕਿਉਂਕਿ ਉਥੇ ਦੀ ਸਮੂਹ ਵਸੋਂ ਪਾਕਿਸਤਾਨੀ ਗੁਲਾਮੀ ਵਿਰੁਧ ਬਾਗੀ ਹੋ ਗਈ।ਭਾਰਤ ਨੇ ਉਨ੍ਹਾਂ ਦੀ ਹਥਿਆਰਬੰਦ ਸਹਾਇਤਾ ਕੀਤੀ ਅਤੇ ਤੀਜਾ ਬੰਗਲਾਦੇਸ਼ ਮੁਖ ਪਾਕਿਸਤਾਨੀ ਸ਼ਕਤੀ ਕੇਂਦਰ ਤੋਂ 1500 ਮੀਲ ਦੀ ਦੂਰੀ ਉਤੇ ਸਥਿਤ ਸੀ। ਪੰਜਾਬੀ ਸੂਬੇ ਦੀ ਮੰਗ ਇਸ ਲਈ ਪ੍ਰਵਾਨ ਚੜ੍ਹੀ ਕਿ ਸਾਰੇ ਦੇਸ਼ ਅੰਦਰ ਭਾਸ਼ਾਈ ਸੂਬਿਆਂ ਦਾ ਅਸੂਲ ਬਹੁਤ ਪਹਿਲੇ ਲਾਗੂ ਹੋ ਚੁਕਾ ਸੀ ਤੇ ਨਾਲ ਹੀ ਇਹ ਕੋਈ ਅਲਗ ਕੁਲ ਅਖ਼ਤਿਆਰ ਦੇਸ਼ ਨਹੀਂ,ਕੇਵਲ ਭਾਰਤ ਦੇ ਅੰਦਰ ਇਕ ਪ੍ਰਸ਼ਾਸਨਕ ਵੰਡ ਤੋਂ ਵੱਧ ਕੁਝ ਨਹੀਂ ਸੀ।

ਅਤਿਵਾਦੀਆਂ ਵਲੋਂ ਖਾਲਿਸਤਾਨ ਸਥਾਪਤ ਕਰਨ ਦੇ ਯਤਨਾਂ ਦੀ ਉਪਰੋਕਤ ਕਿਸੇ ਵੀ ਪ੍ਰਸਥਿਤੀ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਨਿਰਸੰਦੇਹ ਅਜੋਕਾ ਦੇਸ਼ ਇਕ ਗੰਭੀਰ ਸਮੱਸਿਆਵਾਂ ਨਾਲ ਦੋ ਚਾਰ ਹੈ ਜਿਹਾ ਕਿ ਭੁੱਖ ਨੰਗ, ਗਰੀਬੀ, ਭ੍ਰਿਸ਼ਟਾਚਾਰ, ਧੱਕੇਸ਼ਾਹੀ, ਲੁੱਟ ਖਸੁੱਟ, ਭਾਸ਼ਾਈ, ਫਿਰਕੂ, ਜਾਤੀਪਾਤੀ ਵੰਡ ਦੇ ਨਾਲ ਉਸ ਤੇ ਪੂਰਬੀ ਖੇਤਰ ਵਿਚ ਕੁਝ ਥਾਈਂ ਆਦਿਵਾਸੀ ਬਗਾਵਤਾਂ ਉਪਰੰਤ ਹਾਕਮ ਪਾਰਟੀ ਆਪਣੇ ਸੌੜੇ ਹਿਤਾਂ ਦੀ ਪਾਲਣਾ ਕਰਦੀ ਹੋਈ ਕਈ ਸਮੱਸਿਆਵਾਂ ਨੂੰ ਮਾਮੂਲੀ ਤੌਰ ਹੱਲ ਕਰਨ ਦੀ ਥਾਂ ਹੋਰ ਉਲਝਾਉਂਦੀ ਹੈ। ਵਿਰੋਧ ਦੀਆਂ ਸਰਮਾਏਦਾਰ ਪਾਰਟੀਆਂ ਅਵਸਰਵਾਦੀ ਪੈਂਤੜੇ ਲੈਂਦੀਆਂ ਹਨ ਤੇ ਖੱਬੇ ਪੱਖੀ ਪਾਰਟੀਆਂ ਵਿਚ ਵੰਡ ਹੈ ਅਤੇ ਉਨ੍ਹਾਂ ਦਾ ਜਨਤਕ ਆਧਾਰ ਅਜੇ ਥੋੜਾ ਹੈ — ਇਸ ਹਾਲਤ ਵਿਚ ਸਮੂਹ ਦੇਸ਼ ਭਾਰਤ ਦੇਸ਼ ਦੀ ਆਜ਼ਾਦੀ ਤੇ ਅਖੰਡਤਾ ਬਾਰੇ ਚਿੰਤਾਤਰ ਹਨ।

ਪਰ ਇਹ ਅਜੋਕੀ ਸਥਿਤੀ ਕੇਵਲ ਇਕ ਅਧੂਰਾ ਪੱਖ ਹੈ। ਸਾਕਾਰਾਤਮਕਪੱਖ ਤੋਂ ਨਿਗਾਹ ਮਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਹਿੰਦ ਮਹਾਂ ਸਾਗਰ ਵਿਚਾਲੇ ਵਸਦੇ ਦੋ ਦਰਜਨ ਦੇਸ਼ਾਂ ਵਿਚ ਭਾਰਤ ਦੀ ਫੌਜ ਸਭ ਤੋਂ ਸ਼ਕਤੀਸ਼ਾਲੀ ਦੇਸ਼ ਦੇ ਲਿਹਾਜ ਨਾਲ ਇਹ ਸੰਸਾਰ ਵਿਚ ਦੂਜੇ ਨੰਬਰ ਉਤੇ ਹੈ ਤੇ ਕੁਦਰਤੀ ਵਸੀਲਿਆਂ ਨਾਲ ਭਰੀ ਹੈ। ਅੱਜ ਇਹ ਦੇਸ਼ ਹਮੇਸ਼ਾਂ ਤੋਂ ਵੱਧ ਇਕ ਜੁਟ ਹੈ। ਦੇਸ਼ ਦਾ ਕੋਨਾ-ਕੋਨਾ ਆਵਾਜਾਈ ਤੇ ਸੰਚਾਰ ਸਾਧਨਾਂ ਨਾਲ ਜੜੁਤ ਹੈ। ਸਰਮਾਏਦਾਰੀ ਵਿਕਾਸ ਕਾਰਨ ਦੇਸ਼ ਵਿਚ ਇਕ ਸੰਯੁਕਤ ਮੰਡੀ ਬਣ ਚੁਕੀ ਹੈ। ਆਰਥਕ ਪੱਖ ਤੋਂ ਜਿਹੜਾ ਦੇਸ਼ 1947 ਤੋਂ ਪਹਿਲਾਂ ਚਾਕੂ ਤੇ ਸੂਈ ਵੀ ਨਹੀਂ ਬਣਾ ਸਕਦਾ ਸੀ, ਅਜ ਹਰ ਭਾਂਤ ਦੀਆਂ ਆਧੁਨਿਕ ਮਸ਼ੀਨਾਂ ਦਾ ਉਤਪਾਦਨ ਕਰਦਾ ਹੈ। ਸੰਸਾਰ ਵਿਚ ਉਦਯੋਗਿਕ ਪੱਖ ਤੋਂ ਇਹ ਦਸਵੇਂ ਨੰਬਰ ਉਤੇ ਹੈ। ਭਾਰਤ ਪਾਸ ਸਾਇੰਸ ਤੇ ਤਕਨੀਕ ਦੇ ਖੇਤਰ ਵਿਚ ਏਨੇ ਮਾਹਰ ਹਨ ਕਿ ਕੇਵਲ ਰੂਸ ਤੇ ਅਮਰੀਕਾ ਹੀ ਇਸ ਤੋਂ ਅੱਗੇ ਹਨ।

ਸੰਸਾਰ ਭਰ ਵਿਚੋਂ ਭਾਰਤ ਦੀ ਫੌਜੀ ਤਾਕਤ ਚੌਥੇ ਨੰਬਰ ਉਤੇ ਹੈ, ਇਸ਼ ਦੀ ਹਵਾਈ ਸੈਨਾ ਸੰਸਾਰ ਵਿਚ ਪੰਜਵੇਂ ਨੰਬਰ ਤੇ ਜਲ ਸੈਨਾ ਅਠਵੇਂ ਨੰਬਰ ਉਤੇ ਹੈ। ਦੇਸ਼ ਦੇ ਰਾਜ ਉਤੇ ਇਕ ਹੰਢੀ ਹੋਈ ਤੇ ਚੁਸਤ ਸਰਮਾਏਦਾਰ ਜਮਾਤ ਕਾਬਜ਼ ਹੈ ਜੋ ਕਦਾਚਿਤ ਦੇਸ਼ ਦੀ ਕਿਸੇ ਨਵੀਂ ਵੰਡ ਨੂੰ ਪ੍ਰਵਾਨ ਨਹੀਂ ਕਰੇਗੀ। ਉਪਰੰਤ ਦੇਸ਼ ਦੇ ਲੋਕੀਂ ਪ੍ਰਪੱਕ ਰਾਜਸੀ ਸੂਝ ਦੇ ਮਾਲਕ ਹਨ ਤੇ ਇਕ 100 ਸਾਲ ਪੁਰਾਣਾ ਸਾਮਰਾਜੀ ਵਿਰੋਧੀ ਕੌਮੀ ਜਮਹੂਰੀ ਲਹਿਰ ਉਨ੍ਹਾਂ ਦਾ ਅਨਮੋਲ ਵਿਰਸਾ ਹੈ। ਉਪਰੰਤ ਕਈ ਤਰੁਟੀਆਂ ਦੇ ਬਾਵਜੂਦ ਦੇਸ਼ ਅੰਦਰ ਇਕ ਤਕੜੀ ਖੱਬੇ ਪੱਖੀ ਲਹਿਰ ਹੈ। ਜਿਸ ਦਾ ਸੰਭਾਵਤ ਸ਼ਕਤੀ ਕਾਫੀ ਤਕੜੀ ਹੈ। ਉਪਰੋਕਤ ਅਵਸਥਾ ਵਿਚ ਕੋਈ ਵੱਖਵਾਦੀ ਆਤੰਕਵਾਦੀ ਭਾਰਤੀ ਜਨਤਾ ਦੀ ਇਸ ਤਾਕਤ ਨੂੰ ਭਾਂਜ ਨਹੀਂ ਦੇ ਸਕਦਾ। ਜਿਹੜੇ ਲੋਕ ਆਰਜੀ ਮੁਸ਼ਕਲਾਂ ਤੋਂ ਘਬਰਾ ਕੇ ਜਾਂ ਰਾਜਸੀ ਅਗਿਆਨ ਕਾਰਨ ਭਾਰਤੀ ਰਾਜ ਦੇ ਢਹਿ ਢੇਰੀ ਹੋਣ ਅਤੇ ਖਾਲਿਸਤਾਨ ਦੀ ਸਥਾਪਤੀ ਅਵਸ਼ ਸਮਝਦੇ ਹਨ ਉਹ ਬੁਧੂਆਂ ਦੀ ਬਹਿਸ਼ਤ ਵਿਚ ਵਸਦੇ ਹਨ।

ਬਾਕੀ ਪੰਨਾ 24 ਉੱਤੇ



# Hypno-therapy is 'people helping themselves' — therapist



"I'm not interested in how it works, I'm interested in results," says Parkash Basran, who admits there's no scientific proof of how hypno-therapy works.
Photo by BRENDA MOORE

Parkash Basran is a licenced hypno-therapist, one of a growing breed in Canada and the United States. He works at Syncrude Canada ltd., but studies and practises hypno-therapy — the treatment of disease by hypnosis - in his spare time.

Among his patients have been a local teenager with a rash on her hand that seemed to have no cause but wouldn't go away, a young married woman with severe ulcerative colitis (infection of the large colon) who had been suffering with little hope of recovery apart from having her bowel removed, for five years a diabetic with a weight problem, and a man who had been paralyzed from the waist down in a car accident 13 years ago.

All are experiencing the healing effects of hypno-therapy.

Basran is licenced by the Candian Council of Hypno-therapy examiners in Edmonton. He became interested in the field when he had some personal problems of his own to work out, and needed an answer.

"My father had suffered from a stroke and a heart attcak. I was very depressed, and I wanted help," remembers Basran.

"I studied many different religions to find an answer, but the only answer I found is that the answer is within."

For six years, he studied in the U.S., England, and India to learn that hypno-therapy is "the answer."

Cont'd. at Page 26


AIR-INDIA ANNOUNCES INDIA TWO WAYS.

We want to make it as convenient as possible for you to fly Air-India to India. So we suggest you leave any day of the week and choose

1. 
Fly to New York and connect with Air-India's 8:15 nightly departure for Delhi or Bombay.

2. 
Fly to London or Paris and pick up Air-India there.

AIR-INDIA
WE'RE YOUR AIRLINE
See your Travel Agent and make your reservations now.



# ਹਾਕਮ ਜਮਾਤਾਂ ਦੀ ਛਤਰਛਾਇਆ ਹੇਠ ਪਲਦੇ ਫਿਰਕੂ ਜਨੂੰਨ ਦਾ ਵਿਰੋਧ ਕਰੋ

ਇਹ ਸਚਾਈ ਕਿਸੇ ਤੋਂ ਛੁਪੀ ਨਹੀਂ ਕਿ ਲੁੱਟ ਖਸੁੱਟ ਦੀ ਰਾਜਨੀਤੀ ਉਤੇ ਚੱਲਣ ਵਾਲੀਆਂ ਹਾਕਮ ਜਮਾਤਾਂ ਆਪਣੀ ਕੁਰਸੀ ਦੀ ਉਮਰ ਲੰਬੀ ਕਰਨ ਲਈ ਸਮੇਂ ਸਮੇਂ ਅਜਿਹੀਆਂ ਸਾਜ਼ਸ਼ਾਂ ਰਚਦੀਆਂ ਹਨ ਕਿ ਲੋਕਾਂ ਦਾ ਉਹਨਾਂ ਵਿਰੁੱਧ ਗੁੱਸਾ ਕਿਤੇ ਲੋਕ ਸੰਘਰਸ਼ ਵਿਚ ਨਾ ਬਦਲ ਜਾਵੇ। ਕੌਮੀ ਜਨੂੰਨ ਨੂੰ ਪੈਦਾ ਕਰਨ ਲਈ ਅਜਿਹਾ ਮਹੌਲ ਇਹ ਕਦੇ ਫਰਜ਼ੀ ਬਾਹਰੀ ਜਾਂ ਅੰਦਰੂਨੀ ਖਤਰੇ ਦਾ ਹਊਆ ਪੈਦਾ ਕਰਕੇ ਕਰਦੀਆਂ ਨੇ ਤਾਂਕਿ ਆਮ ਲੋਕਾਂ ਦੀਆਂ ਗੁੱਸੇ ਦੀਆਂ ਭਾਵਨਾਵਾਂ ਨੂੰ ਇਕ ਅਖੌਤੀ ਦੁਸ਼ਮਣ ਵੱਲ ਕੇਂਦਰਤ ਕੀਤਾ ਜਾਵੇ।

ਹਾਕਮ ਜਮਾਤਾਂ ਵੱਲੋਂ ਕੌਮੀ ਛਾਵਨਵਾਦ, ਧਾਰਮਿਕ ਜਨੂੰਨ, ਫਿਰਕਾਪ੍ਰਸਤੀ ਅਤੇ ਘੱਟ-ਗਿਣਤੀ ਲੋਕਾਂ ਉਪਰ ਅਤਿਆਚਾਰ ਵਰਗੇ ਵਰਤੇ ਜਾਂਦੇ ਕੋਝੇ ਹਥਿਆਰ ਇਹ ਸਿਧ ਕਰਦੇ ਹਨ ਕਿ ਭਾਰਤੀ ਸਰਕਾਰ ਲੋਕਾਂ ਦੀਆਂ ਨਿੱਤ ਵਰਤੋਂ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਕਿਸ ਹੱਦ ਤੱਕ ਫੇਲ੍ਹ ਹੋ ਚੁੱਕੀ ਹੈ।

ਪੰਜਾਬ ਦੇ ਮੌਜੂਦਾ ਹਾਲਾਤ ਪੰਜਾਬੀਆਂ ਦੀਆਂ ਹੱਕੀ ਮੰਗਾਂ ਵਿਚੋਂ ਹੀ ਉਭਰੇ ਹਨ, ਇਹੀ ਕੁਝ ਮੰਗਾਂ ਬਾਕੀ ਸੂਬਿਆਂ ਦੇ ਲੋਕਾਂ ਦੀਆਂ ਵੀ ਹਨ। ਪਰ ਪੰਜਾਬ ਵਿਚ ਅਤੇ ਕੇਂਦਰ ਵਿਚ ਮੌਜੂਦਾ ਸਿਆਸੀ ਪਾਰਟੀਆਂ ਨੇ ਪੰਜਾਬ ਅੰਦਰ ਆਪੋ ਆਪਣੀ ਤਾਕਤ ਜਮਾਉਣ ਲਈ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ। ਚੰਗੀ ਗੱਲ ਤਾਂ ਇਹ ਹੁੰਦੀ ਕਿ ਪੰਜਾਬ ਦੇ ਲੋਕ ਇਕੱਠੇ ਹੋ ਕੇ ਲੋਕ-ਵਿਰੋਧੀ ਕੇਂਦਰੀ ਸਰਕਾਰ ਦੇ ਖਿਲਾਫ ਲੜਦੇ, ਪਰ ਹਾਕਮ ਜਮਾਤਾਂ ਨੇ ਆਪਣੀ ਗੰਦੀ ਸਿਆਸਤ ਨਾਲ ਪੰਜਾਬ ਅੰਦਰ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਕਿ ਲੋਕ ਧਰਮ ਅਤੇ ਫਿਰਕੂ ਲੀਹਾਂ ਉਪਰ ਵੰਡੇ ਗਏ। ਜਿਸ ਨਾਲ ਅਨੇਕਾਂ ਬੇਗੁਨਾਹ ਲੋਕਾਂ ਦਾ ਅੰਨੇਵਾਹ ਘਾਣ ਕੀਤਾ ਗਿਆ।

ਜੂਨ 1984 ਵਿਚ ਪੰਜਾਬ ਉਪਰ ਫੌਜੀ ਹਮਲਾ ਕਰਕੇ ਹਕੂਮਤ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਆਮ ਲੋਕਾਂ ਨੂੰ ਦਹਿਸ਼ਤਪਸੰਦਾਂ ਤੋਂ ਨਿਜ਼ਾਤ ਦਿਵਾ ਰਹੀ ਹੈ। ਪਰ ਅਸਲੀਅਤ ਇਹ ਹੈ ਕਿ ਇਸੇ ਹੀ ਸਰਕਾਰ ਨੇ ਪਹਿਲਾਂ ਪੰਜਾਬ ਵਿਚ ਫਿਰਕਾਪ੍ਰਸਤੀ ਅਤੇ ਅਤਿਵਾਦੀ ਪੈਦਾ ਕੀਤੇ ਅਤੇ ਬਾਅਦ ਵਿਚ ਆਪਣੀਆਂ ਕਾਲੀਆਂ ਕਰਤੂਤਾਂ ਉਪਰ ਪੜਦਾ ਪਾਉਣ ਲਈ ਅਤੇ ਲੋਕਾਂ ਉਪਰ ਆਪਦਾ ਦਾਬਾ ਕਾਇਮ ਰੱਖਣ ਲਈ ਪੰਜਾਬ ਨੂੰ ਫੌਜੀ ਬੂਟਾਂ ਹੇਠ ਲਿਤਾੜਿਆ ਗਿਆ। ਹਾਕਮ ਜਮਾਤਾਂ ਦੀ ਫਿਰਕੂ ਅਤਿਵਾਦੀਆਂ ਨਾਲ ਭਾਈਬੰਦੀ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਜਦ ਅਸੀਂ ਦੇਖਦੇ ਹਾਂ ਕਿ ਪੰਜਾਬ ਅੰਦਰ ਅਤਿਵਾਦੀ ਆਪਣੀਆਂ ਕਾਰਵਾਈਆਂ ਖੁਲ੍ਹੇਆਮ ਕਰ ਰਹੇ ਹਨ ਅਤੇ ਇਸਦੇ ਨਾਲ ਨਾਲ ਲੋਕਾਂ ਉਪਰ ਫੌਜੀ ਅਤਿਆਚਾਰ ਵੀ ਜਾਰੀ ਹੈ। ਪਿੱਛੇ ਜਿਹੇ ਜਦ ਸਾਥੀ ਰਤਨ ਸਿੰਘ ਪਟਵਾਰੀ ਦਾ ਫਿਰਕੂ ਜਨੂੰਨੀਆਂ ਨੇ ਕਤਲ ਕੀਤਾ ਤਾਂ ਪੁਲੀਸ ਨੇ ਕਾਤਲਾਂ ਨੂੰ ਫੜਨ ਦਾ ਕੋਈ ਉਪਰਾਲਾ ਨਹੀਂ ਕੀਤਾ ਹਾਲਾਂਕਿ ਲੋਕਾਂ ਨੇ ਕਾਤਲਾਂ ਦੀ ਪਛਾਣ ਵੀ ਕਰ ਦਿਤੀ ਸੀ। ਜਦ ਸਾਥੀ ਰਤਨ ਸਿੰਘ ਦੇ ਕਾਤਲਾਂ ਨੂੰ ਲੋਕਾਂ ਨੇ ਗੱਡੀ ਚੜ੍ਹਾ ਦਿਤਾ ਤਾਂ ਪੁਲੀਸ ਨੇ ਇਕਦਮ ਪਿੰਡਾਂ ਨੂੰ ਘੇਰਾ ਪਾ ਲਿਆ ਅਤੇ ਪੁਲਸੀ ਬੁਰਛਾਗਰਦੀ ਦਾ ਕਹਿਰ ਢਾਅ ਦਿਤਾ।

ਭਾਰਤੀ ਸਰਕਾਰ ਬੜੀ ਬੇਸ਼ਰਮੀ ਨਾਲ ਧਰਮ-ਨਿਰਪੱਖਤਾ ਦਾ ਢੌਂਗ ਰਚਦੀ ਹੈ, ਜਦਕਿ ਅਸਲੀਅਤ ਇਹ ਹੈ ਕਿ ਹਕੂਮਤੀ ਕਾਂਗਰਸ ਪਾਰਟੀ ਨੇ ਭਾਰਤੀ ਲੋਕਾਂ ਨੂੰ ਹਮੇਸ਼ਾ ਧਾਰਮਿਕ ਲੀਹਾਂ ਤੇ ਪਾੜਕੇ ਆਪਣੇ ਆਪ ਨੂੰ ਤਾਕਤ ਵਿਚ ਬਰਕਰਾਰ ਰੱਖਿਆ ਹੈ। ਪਿਛਲੇ ਕੁਝ ਸਾਲਾਂ ਤੋਂ ਕਾਂਗਰਸ ਸਰਕਾਰ ਨੇ ਦੇਸ਼ ਭਰ ਵਿਚ ਹਿੰਦੂ ਛਾਵਨਵਾਦ ਨੂੰ ਬਹੁਤ ਉਭਾਰਿਆ ਹੈ ਖਾਸ ਕਰਕੇ ਹਿੰਦੀ ਬੋਲਦੇ ਇਲਾਕਿਆਂ ਵਿਚ। ਗੋਲਡਨ ਟੈਂਪਲ ਉਪਰ ਹਮਲਾ ਅਤੇ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿਚ ਹਜ਼ਾਰਾਂ ਬੇਗੁਨਾਹ ਸਿੱਖਾਂ ਦਾ ਕਤਲੇਆਮ, ਹਿੰਦੂ ਛਾਵਨਵਾਦ ਨੂੰ ਪੱਠੇ ਪਾਉਣ ਦੀ ਹੀ ਸਾਜ਼ਿਸ਼ ਸੀ। ਇਹਨਾਂ ਸਾਰੀਆਂ ਘਟਨਾਵਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਅਖੌਤੀ ਧਰਮ-ਨਿਰਪੱਖ ਭਾਰਤ ਵਿਚ ਘੱਟ-ਗਿਣਤੀ ਲੋਕ ਕਿੰਨੇ ਕੁ ਸੁਰੱਖਿਅਤ ਹਨ।

ਭਾਰਤ ਦੇ ਸਾਰੇ ਹਿੱਸਿਆਂ ਵਿਚ ਫਿਰਕੂ ਤਾਕਤਾਂ ਮਜ਼ਬੂਤ ਹੋ ਰਹੀਆਂ ਹਨ, ਅਤੇ ਸਾਰਿਆਂ ਨਾਲੋਂ ਵੱਧ ਖਤਰਨਾਕ ਫਿਰਕੂ ਤਾਕਤ ਹੈ — ਹਿੰਦੂ ਛਾਵਨਵਾਦ। ਇਸ ਖਤਰਨਾਕ ਮਹੌਲ ਵਿਚ ਸਭ ਤੋਂ ਮਹੱਤਵਪੂਰਨ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਫਿਰਕਾਪ੍ਰਸਤੀ, ਲੋਕਾਂ ਨੂੰ ਆਪਸ ਵਿਚ ਪਾੜਕੇ ਰੱਖਣ ਲਈ, ਹਾਕਮ ਜਮਾਤਾਂ ਦਾ ਇਕ ਵਧੀਆ ਹਥਿਆਰ ਹੈ, ਅਤੇ ਆਪਣੇ ਕੋਝੇ ਮਨਸੂਬਿਆਂ ਨੂੰ ਪੂਰਾ ਕਰਨ ਲਈ ਇਹ ਕਦੇ ਵੀ ਲੋਕਾਂ ਦਾ ਖੂਨ ਵਹਾਉਣ ਤੋਂ ਸੰਕੋਚ ਨਹੀਂ ਕਰਦੀਆਂ। ਇਸ ਕਰਕੇ ਇਹ ਬਹੁਤ ਜ਼ਰੂਰੀ ਹੈ ਕਿ ਪੰਜਾਬ ਦੀ ਹਾਲਤ ਨੂੰ ਸਮੁੱਚੇ ਮੁਲਕ ਦੀ ਹਾਲਤ ਤੋਂ ਵੱਖ ਕਰਕੇ ਨਹੀਂ ਦੇਖਣਾ ਚਾਹੀਦਾ;




## ਅਕਸੀਰ

ਇਕ ਵਿਅਕਤੀ ਆਪਣੀ ਗੱਲ੍ਹ ਉਪਰ ਹੱਥ ਰੱਖੀ ਇਕ ਕੈਮਿਸਟ ਦੀ ਦੁਕਾਨ ਉੱਪਰ ਗਿਆ ਅਤੇ ਦੰਦ ਦਰਦ ਦੀ ਵਧੀਆ ਗੋਲੀ ਮੰਗੀ। ਕੈਮਿਸਟ ਨੇ ਉਸ ਨੂੰ 'ਦਰਦੋਲੀ' ਨਾਂਅ ਦੀ ਗੋਲੀ ਦਿਤੀ। ਉਸ ਆਦਮੀ ਨੇ ਇਹ ਗੋਲੀ ਵਾਪਸ ਕਰਦਿਆਂ ਹੋਇਆਂ ਕਿਹਾ, 'ਜਨਾਬ! ਮੈਨੂੰ ਕੋਈ ਚੰਗੀ ਜਿਹੀ ਫੌਰਨ ਅਸਰ ਕਰਨ ਵਾਲੀ ਦੁਆਈ ਦਿਓ।'

'ਜਨਾਬ! ਇਹ ਦੁਆਈ ਸਭ ਤੋਂ ਉੱਤਮ ਏ, ਬੱਸ ਅਕਸੀਰ ਏ ਅਕਸੀਰ। ਇਹ ਇਕ ਅਤਿ ਮਸ਼ਹੂਰ ਡਾਕਟਰ ਦੀ ਬਣਾਈ ਹੋਈ ਏ। ਸਾਰੀ ਦੁਨੀਆਂ ਵਿਚ ਡਾਕਟਰ ਖੁਰਾਨੇ ਦੀ ਦਰਦੋਲੀ ਮਸ਼ਹੂਰ ਏ। ਫੌਰਨ ਅਸਰ ਕਰਦੀ ਏ।' ਕੈਮਿਸਟ ਨੇ ਕਿਹਾ ਅਤੇ ਮਰੀਜ਼ ਚੀਖਿਆ, 'ਨਹੀਂ ਭਾਈ ਕਿਸੇ ਚੰਗੀ ਕੰਪਨੀ ਦੀ ਦੇ।'

'ਇਹ ਵਧੀਆ ਏ। ਅਸੀਂ ਹਰ ਮਹੀਨੇ ਕਈ ਡੱਬੇ ਵੇਚਦੇ ਹਾਂ।' ਕੈਮਿਸਟ ਕਹਿ ਹੀ ਰਿਹਾ ਸੀ ਕਿ ਮਰੀਜ਼ ਨੇ ਗੁੱਸੇ ਨਾਲ ਕਿਹਾ, 'ਤੁਸੀਂ ਇਕੋ ਗੱਲ ਤੇ ਜ਼ੋਰ ਕਿਉਂ ਦੇ ਰਹੇ ਹੋ, ਮੈਨੂੰ ਕੋਈ ਹੋਰ ਦੁਆਈ ਦਿਉ। ਜਾਣਦੇ ਨਹੀਂ ਮੈਂ ਹੀ ਡਾਕਟਰ ਖੁਰਾਨਾ ਹਾਂ।'

## ਮਸ਼ੀਨ

ਇਕ ਔਰਤ ਸਿਲਾਈ ਦੀ ਮਸ਼ੀਨ ਖਰੀਦਣ ਲਈ ਇਕ ਦੁਕਾਨ ਉੱਪਰ ਗਈ। ਮਸ਼ੀਨ ਦੀ ਕੀਮਤ ਬਾਜ਼ਾਰ ਨਾਲੋਂ ਘੱਟ ਸੀ ਪਰ ਮਸ਼ੀਨ ਬਹੁਤੀ ਖੂਬਸੂਰਤ ਨਹੀਂ ਸੀ। ਇਸ ਲਈ ਉਹ ਔਰਤ ਦੁਚਿੱਤੀ ਵਿਚ ਫਸ ਗਈ। ਮਸ਼ੀਨ ਦੀ ਸ਼ਕਲ ਚੰਗੀ ਨਹੀਂ ਸੀ ਲੱਗ ਰਹੀ ਪਰ ਕੀਮਤ ਉਸ ਨੂੰ ਪਸੰਦ ਸੀ ਅਤੇ ਉਹ ਆਸਾਨੀ ਨਾਲ ਖਰੀਦ ਸਕਦੀ ਸੀ। ਔਰਤ ਨੂੰ ਦੁਚਿੱਤੀ ਵਿਚ ਫਸਿਆਂ ਵੇਖ ਸੇਲਜ਼ ਬੁਆਏ ਕਹਿਣ ਲੱਗਾ, 'ਭੈਣ ਜੀ! ਇਹ ਮਸ਼ੀਨ ਚੱਲਣ ਵਿਚ ਹਲਕੀ ਤੇ ਬੜੀ ਮਜ਼ਬੂਤ ਏ। ਬੱਸ ਜੀਵਨ ਭਰ ਸਾਥ ਦੇਣ ਵਾਲੀ ਏ। ਇਤਨੀ ਸਸਤੀ ਤੇ ਵਧੀਆ ਮਸ਼ੀਨ ਤੁਹਾਨੂੰ ਹੋਰ ਕਿਧਰੋਂ ਨਹੀਂ ਮਿਲਣੀ। ਦੂਜੇ ਇਹ ਸਮੇਂ ਅਨੁਸਾਰ ਵੀ ਏ।' 'ਉਹ ਕਿਵੇਂ?' ਔਰਤ ਨੇ ਪੁੱਛਿਆ ਤਾਂ ਸੇਲਜ਼ ਬੁਆਏ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ, 'ਉਹ ਇਸ ਲਈ ਕਿ ਇਕ ਹਫਤੇ ਤੋਂ ਕੋਈ ਮਸ਼ੀਨ ਨਹੀਂ ਵਿਕੀ। ਅੱਜ ਸ਼ਨੀਵਾਰ ਏ। ਜੇ ਅੱਜ ਵੀ ਨਾ ਵਿਕੀ ਤਾਂ ਮੇਰਾ ਦਾਣਾ-ਫੱਕਾ ਵਿਕ ਜਾਵੇਗਾ ਯਾਨੀ ਮੈਨੂੰ ਨੌਕਰੀ ਤੋਂ ਜੁਆਬ ਮਿਲ ਜਾਵੇਗਾ।

## ਪ੍ਰੋਫੈਸਰ

ਬਾਇਓਲੌਜੀ ਦੇ ਪ੍ਰੋਫੈਸਰ ਡਾਕਟਰ ਚਾਨਣਾ ਇਕ ਦਿਨ ਕਲਾਸ ਵਿਚ ਲੈਕਚਰ ਦੇ ਰਹੇ ਸਨ। ਆਪ ਨੇ ਆਖਿਆ ਕਿ ਅੱਜ ਮੈਂ ਆਪਣੀ ਗੱਲ ਸਪਸ਼ਟ ਕਰਨ ਲਈ ਇਕ ਡੱਡੂ ਕੱਟਕੇ ਆਪਣੇ ਨਾਲ ਲਿਆਇਆ ਹਾਂ ਤਾਂ ਕਿ ਆਪ ਨੂੰ ਇਸ ਦੇ ਅੰਦਰਲੇ ਹਿੱਸੇ ਦਿਖਾਵਾਂ ਤੇ ਹਰੇਕ ਦੇ ਕੰਮ ਬਾਰੇ ਪੂਰੀ ਤਰ੍ਹਾਂ ਸਮਝਾਵਾਂ।' ਇਹ ਆਖ ਉਸ ਪਲਾਸਟਿਕ ਦੇ ਲਿਫਾਫੇ ਵਿਚੋਂ ਕਾਗਜ਼ ਵਿਚ ਵਲੇਟਿਆ ਹੋਇਆ ਡੱਡੂ ਕੱਢਿਆ। ਪਰ ਇਹ ਵੇਖਕੇ ਹੈਰਾਨ ਰਹਿ ਗਿਆ ਕਿ ਡੱਡੂ ਦੀ ਥਾਂ ਲਿਫਾਫੇ ਵਿਚੋਂ ਤਿੰਨ ਟੋਸਟ ਅਤੇ ਉਬਲਿਆ ਹੋਇਆ ਅੰਡਾ ਨਿਕਲਿਆ। ਇਹ ਵੇਖਕੇ ਪ੍ਰੋਫੈਸਰ ਬੁੜਬੁੜਾਇਆ, 'ਭਈ ਕਮਾਲ ਏ। ਹੁਣੇ ਹੁਣੇ ਤਾਂ ਕੈਨਟੀਨ ਵਿਚ ਬੈਠਕੇ ਮੈਂ ਇਹ ਚੀਜ਼ਾਂ ਖਾ ਕੇ ਆਇਆ ਹਾਂ ਤੇ ਦੂਜਾ ਲਿਫਾਫਾ ਆਪ ਲਈ ਲਿਆਇਆ ਹਾਂ ਜੇ ਇਹ ਟੋਸਟ ਨੇ ਤਾਂ ਡੱਡੂ ਕਿਥੇ

# ਫਿਲਮਾਂ ਅਤੇ ਯੁਵਾ ਪੀੜ੍ਹੀ

ਪ੍ਰੋ: ਨਵ ਸੰਗੀਤ ਸਿਘ



ਅਕਸਰ ਇਹ ਕਿਹਾ ਜਾਂਦਾ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਨਾਲ ਕਲਾ ਦਾ ਵਿਨਾਸ਼ ਹੋ ਰਿਹਾ ਹੈ ਪ੍ਰੰਤੂ ਫਿਲਮਾਂ ਕਲਾ ਦਾ ਇਕ ਅਜਿਹਾ ਰੂਪ ਹਨ, ਜਿਸ ਵਿਚ ਵਿਗਿਆਨ ਅਤੇ ਤਕਨਾਲੋਜੀ ਨੇ ਸਹਿਯੋਗ ਦਿਤਾ ਹੈ। ਫਿਲਮ, ਸੈਲਿਊਲਾਇਡ ਦੇ ਰੂਪ ਵਿਚ ਕਲਾ ਦਾ ਇਕ ਉਹ ਮਾਧਿਅਮ ਹੈ, ਜਿਸ ਨੇ ਕਲਾ ਦੇ ਹੋਰ ਸਾਰੇ ਰੂਪਾਂ ਨੂੰ ਆਪਣੇ ਘੇਰੇ ਵਿਚ ਲੈ ਲਿਆ ਹੈ ਇਹੀ ਕਾਰਨ ਹੈ ਕਿ ਆਰਨਲਡ ਹਊਜ਼ਰ ਨੇ ਆਪਣੀ ਪੁਸਤਕ 'ਦ ਸੋਸ਼ਲ ਹਿਸਟਰੀ ਆਫ ਆਰਟ' ਵਿਚ 1860 ਈ. ਤੋਂ ਹੁਣ ਤੱਕ ਦੇ ਕਾਲ ਨੂੰ 'ਫਿਲਮ ਯੁਗ' ਦਾ ਨਾਂ ਦਿੱਤਾ ਹੈ।

ਫਿਲਮ, ਅਭਿਵਿਅਕਤੀ ਦਾ ਇਕ ਅਤਿਅੰਤ ਵਿਆਪਕ ਮਾਧਿਅਮ ਹੈ। ਇਸ ਵਿਚ ਸਾਹਿਤ, ਸੰਗੀਤ, ਨ੍ਰਿਤ, ਭਵਨ-ਨਿਰਮਾਣ, ਚਿੱਤਰਕਾਰੀ ਆਦਿ ਸਾਰੀਆਂ ਕਲਾਵਾਂ ਦਾ ਮਿਸ਼ਰਣ ਹੈ। ਜਿਵੇਂ ਆਦਿ ਕਾਲ ਵਿਚ ਕਲਾ ਦੇ ਸਾਰੇ ਰੂਪ ਸੰਯੁਕਤ ਹੋਇਆ ਕਰਦੇ ਸਨ, ਬਿਲਕੁਲ ਉਸੇ ਤਰ੍ਹਾਂ ਫਿਲਮ ਵਿਚ ਆਧੁਨਿਕ ਕਲਾ ਦੇ ਸਾਰੇ ਰੂਪ ਕ੍ਰਿਆਸ਼ੀਲ ਹਨ। ਮਾਧਿਅਮ ਦੇ ਰੂਪ ਵਿਚ ਇਸ ਦੀ ਵਿਆਪਕ ਸਮਰਥਾ ਕਾਰਨ ਹੀ ਪਿਕਾਸੋ, ਕਾਕਤੂ, ਸਤ੍ਰਾਵਿੰਸਕੀ, ਯੂਕੀਓ ਮਿਸ਼ੀਮਾ, ਐਮ. ਐਫ. ਹੁਸੈਨ ਆਦਿਕ ਵਿਖਿਆਤ ਕਲਾਕਾਰ, ਫਿਲਮ ਤਕਨਾਲੋਜੀ ਵੱਲ ਆਕਰਸ਼ਿਤ ਹੋਏ।

ਸੋ ਇਹ ਪ੍ਰਤੱਖ ਹੈ ਕਿ ਫਿਲਮ ਆਤਮ - ਅਭਿਵਿਅਕਤੀ ਅਤੇ ਸੌਂਦਰਬੋਧ ਦੀ ਪ੍ਰਾਪਤੀ ਲਈ ਆਧੁਨਿਕ ਯੁਗ ਦਾ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ। ਸਾਡੇ ਦੇਸ਼ ਵਿਚ ਫਿਲਮ ਉਦਯੋਗ ਦੁਨੀਆਂ ਭਰ ਵਿਚੋਂ ਦੂਜੇ ਨੰਬਰ 'ਤੇ ਆਉਂਦਾ ਹੈ। ਕਿਉਂਕਿ ਇਸ ਉਦਯੋਗ ਵਿਚ ਇਕ ਪੂਰੀ ਦੀ ਪੂਰੀ ਟੀਮ ਕ੍ਰਿਆਸ਼ੀਲ ਹੁੰਦੀ ਹੈ, ਇਸ ਲਈ ਸੁਭਾਵਿਕ ਹੀ ਇਹ ਉਦਯੋਗ ਪੂੰਜੀਪਤੀਆਂ ਦੇ ਹੱਥਾਂ ਵਿਚ ਚਲਾ ਗਿਆ ਹੈ, ਜਿਸ ਨੇ ਇਸ ਨੂੰ ਲੋਕਾਂ ਦਾ ਐਂਦ੍ਰਿਕ — ਉਤੇਜਨਾ ਅਤੇ ਸਸਤੇ ਮਨੋਰੰਜਨ ਦਾ ਇਕ ਮਾਧਿਅਮ ਬਣਾ ਦਿਤਾ ਹੈ। ਬੰਬਈ ਫਿਲਮਾਂ ਵਿਚ ਮਾਰਧਾੜ, ਸਸਤੀ ਕਾਮੁਕਤਾ, ਭੌਂਡੀ ਅਦਾਕਾਰੀ ਤੋਂ ਸਿਵਾਇ ਹੋਰ ਕੁਝ ਦੇਖਣ ਨੂੰ ਘੱਟ ਹੀ ਮਿਲਦਾ ਹੈ। ਇਹੋ ਜਿਹੀਆਂ ਫਿਲਮਾਂ ਨੇ ਉਤਰ ਸੁਤੰਤਰਤਾ ਯੁਗ ਦੀ ਪੂਰੀ ਦੀ ਪੂਰੀ ਪੀੜ੍ਹੀ ਨੂੰ ਗ੍ਰਸ ਲਿਆ ਹੈ ਅਤੇ ਉਹ ਆਪਣੀ ਕਰਤੱਵ-ਪ੍ਰਾਇਣਤਾ ਅਤੇ ਆਦਰਸ਼-ਨਿਸ਼ਠਾ ਨੂੰ ਭੁਲਾ ਕੇ ਮਹਾਨਗਰਾਂ ਦੇ 'ਅੰਡਰ ਵਰਲਡ' ਜੀਵਨ ਨੂੰ ਆਪਣਾ ਲਕਸ਼ ਮੰਨੀ ਬੈਠੀ ਹੈ।

ਸੋ ਆਧੁਨਿਕ (?) ਫਿਲਮਾਂ ਨੇ ਨਵਯੁਵਕਾਂ ਉਪਰ ਪਹਿਲਾ ਬੁਰਾ ਪ੍ਰਭਾਵ ਇਹ ਪਾਇਆ ਹੈ ਕਿ ਉਹ ਮਾਨਸਿਕ ਤੌਰ 'ਤੇ ਅੱਯਾਸ਼ ਹੋ ਗਏ ਹਨ। ਆਪਣੇ ਸੁਪਨਿਆਂ ਨੂੰ ਰੁਪਹਿਰੇ ਪਰਦੇ ਉਤੇ ਸਾਕਾਰ ਹੁੰਦੇ ਵੇਖ ਕੇ ਉਹ ਸੁਸਾਇਟੀ ਦੀਆਂ ਕਈ ਨੈਤਿਕ ਮਾਨਤਾਵਾਂ ਨੂੰ ਤੋੜਦੇ ਹਨ। ਸਿੱਟੇ ਵਜੋਂ ਕਈ ਪਰਿਵਾਰਿਕ ਇਕਾਈਆਂ ਭੰਗ ਹੁੰਦੀਆਂ ਹਨ ਅਤੇ ਅਸੀਂ ਹਰ ਰੋਜ਼ ਦੈਨਿਕ ਅਖਬਾਰਾਂ ਵਿਚ ਫ਼ਰੇਬਾਜ਼ੀ, ਸਾਹਸੀ ਚੋਰੀਆਂ, ਡਾਕਿਆਂ, ਉਧਾਲਿਆਂ ਅਤੇ ਲੜਕੀਆਂ ਨੂੰ ਛੇੜਨ ਦੀਆਂ ਵਾਰਦਾਤਾਂ ਪੜ੍ਹਦੇ ਹਾਂ।

ਫਿਲਮਾਂ ਨੇ ਨਵਯੁਵਕਾਂ ਨੂੰ ਅੰਨ੍ਹੀ ਪਦਾਰਥਕ ਸੋਚਣੀ ਪ੍ਰਦਾਨ ਕੀਤੀ ਹੈ। ਉਹ ਮਨ ਦੀ ਪ੍ਰੌੜ੍ਹਤਾ ਵੱਲ ਕੋਈ ਧਿਆਨ ਨਹੀਂ ਦਿੰਦੇ ਸਗੋਂ ਉਨ੍ਹਾਂ ਦਾ ਸਾਰਾ ਸਮਾਂ ਬਣਨ-ਸੰਵਰਨ ਅਤੇ ਫੈਸ਼ਨ-ਪ੍ਰਸਤੀ ਵਿਚ ਗੁਜ਼ਰ ਜਾਂਦਾ ਹੈ। ਸਿੱਟੇ ਵਜੋਂ ਨੌਜਵਾਨ ਆਪਣੀ ਸਾਰੀ ਸ਼ਕਤੀ ਇਸ ਬੰਦ ਦਿਸ਼ਾ ਵੱਲ ਵਧਣ ਲਈ ਖਰਚ ਦਿੰਦੇ ਹਨ। ਹੇਠਲੀ ਮੱਧ ਸ਼੍ਰੇਣੀ ਅਤੇ ਹੇਠਲੀ ਸ਼ਰੇਣੀ ਦੇ ਯੁਵਕ ਜਦੋਂ ਆਪਣੀ ਪਦਾਰਥਕ ਹਵਸ ਦੀ ਪੂਰਤੀ ਨਹੀਂ ਕਰ ਸਕਦੇ ਤਾਂ ਉਹ ਮਹਾਨਗਰਾਂ ਵਿਚ ਵਿਕਸਿਤ ਹੋ ਰਹੀ ਜੁਰਮ ਭਰਪੂਰ ਜ਼ਿੰਦਗੀ ਵੱਲ ਵਧਦੇ ਹਨ। ਉਨ੍ਹਾਂ ਦਾ ਆਪਣਾ ਨੈਤਿਕ ਪਤਨ ਤਾਂ ਹੁੰਦਾ ਹੀ ਹੈ ਪਰ ਇਸ ਦੇ ਨਾਲ ਹੀ ਉਹ ਆਪਣੇ ਪਰਿਵਾਰ, ਸਮਾਜ ਅਤੇ ਰਾਸ਼ਟਰ ਲਈ ਵੀ ਖਤਰਾ ਬਣ ਜਾਂਦੇ ਹਨ।

ਆਧੁਨਿਕ ਫਿਲਮਾਂ ਨੇ ਵਿਦਿਆ ਦੇ ਪਸਾਰ ਨੂੰ ਕਾਫੀ ਸੱਟ ਮਾਰੀ ਹੈ। ਵਿਦਿਆਰਥੀਆਂ ਦੇ ਮਨ, ਕਿਉਂਕਿ ਫਿਲਮਾਂ ਵਿਚ ਵੇਖੇ ਉਕਸਾਊ ਬਿੰਬਾਂ ਨਾਲ ਪੂਰਵ-ਵਿਅਸਤ ਰਹਿੰਦੇ ਹਨ, ਇਸ ਲਈ ਵਿਦਿਆ ਉਨ੍ਹਾਂ ਦੀ ਸ਼ਖਸੀਅਤ ਦੇ ਵਿਕਾਸ ਵਿਚ ਕੋਈ ਯੋਗਦਾਨ ਨਹੀਂ ਦੇ ਸਕਦੀ। ਉਹ ਕੇਵਲ ਕਹਿਣ ਨੂੰ ਪੜ੍ਹਦੇ ਹਨ। ਅਸਲ ਵਿਚ ਉਨ੍ਹਾਂ ਦੀ ਸਾਰੀ ਸ਼ਕਤੀ ਫਿਲਮ-ਅਭਿਨੇਤਾ ਜਾਂ ਅਭਿਨੇਤਰੀ ਜਿਹੇ ਬਣਨ ਵਿਚ ਖਰਚ ਹੋ ਰਹੀ ਹੁੰਦੀ ਹੈ। ਪ੍ਰੀਖਿਆ ਦੇ ਨੇੜੇ ਤੇੜੇ ਉਹ ਕੁਝ ਘੋਟਾ ਲਾ, ਕੁਝ ਨਕਲ ਮਾਰ, ਕੁਝ ਪਰਚਿਆਂ ਮਗਰ ਜਾ ਕੇ ਇਮਤਿਹਾਨ ਪਾਸ ਕਰ ਲੈਂਦੇ ਹਨ ਅਤੇ ਬਾਅਦ ਵਿਚ ਸਾਲ ਭਰ ਫਿਰ ਤੋਂ ਉਹੀ ਪੁਰਾਣਾ ਚੱਕਰ ਸ਼ੁਰੂ ਹੋ ਜਾਂਦਾ ਹੈ।

ਪ੍ਰੰਤੂ ਇਹ ਬੁਰੇ ਪ੍ਰਭਾਵ ਫਿਲਮਾਂ ਦੀ ਦੇਣ ਨਹੀਂ ਹਨ, ਸਗੋਂ ਇਹ ਉਨ੍ਹਾਂ ਦੇ ਨਿਰਮਾਤਾ ਉਦਯੋਪਤੀਆਂ ਦੀ ਦੇਣ ਹਨ। ਜਿਨ੍ਹਾਂ ਲੋਕਾਂ ਨੇ ਚੈਪਲਿਨ, ਆਈਨਸਟਾਈਨ, ਇੰਗਸਰ ਬਰਗਮੈਨ, ਸਤਿਆਜੀਤ ਰੇਅ, ਮ੍ਰਿਣਾਲ ਸੇਨ, ਬਿਮਲ ਰਾਇ, ਰਿਸ਼ੀਕੇਸ਼ ਮੁਖਰਜੀ, ਸ਼ਿਆਮ ਬੈਨੇਗਲ, ਗੋਵਿੰਦ ਨਿਹਲਾਨੀ, ਜੱਬਾਰ ਪਟੇਲ, ਮਹੇਸ਼ ਭੱਟ, ਸਈ ਪਰਾਂਜਪੇ, ਸਈਦ ਅਖਤਰ ਮਿਰਜ਼ਾ, ਸਾਗਰ ਸਰਹੱਦੀ ਤੇ ਫ੍ਰਾਂਸਵਾ ਤਰੂਫੋ ਵਰਗੇ ਨਿਰਦੇਸ਼ਕ — ਨਿਰਮਾਤਾਵਾਂ ਦੀਆਂ ਫਿਲਮਾਂ ਵੇਖੀਆਂ ਹਨ, ਉਹ ਜਾਣਦੇ ਹਨ ਕਿ ਫਿਲਮ ਸੰਤੁਲਿਤ ਸ਼ਖਸੀਅਤ ਦੇ ਵਿਕਾਸ ਵਿਚ ਕਿੰਨਾ ਮਹੱਤਵਪੂਰਨ ਯੋਗਦਾਨ ਦਿੰਦੀ ਹੈ। ਸੋ ਲੋੜ ਫਿਲਮ ਨੂੰ ਸੈਂਸਰ ਕਰਨ ਦੀ ਨਹੀਂ ਸਗੋਂ ਪੂੰਜੀਵਾਦੀ ਵਰਗ ਵਿਵਸਥਾ ਉਪਰ ਸੈਂਸਰ ਦੀ ਲੋੜ ਹੈ।

ਇਸ ਦੇ ਨਾਲ ਹੀ ਇਹ ਤੱਥ ਵੀ ਧਿਆਨਯੋਗ ਹੈ ਕਿ ਜਿਨ੍ਹਾਂ ਫਿਲਮਾਂ ਨੇ ਨੌਜਵਾਨਾਂ ਦੇ ਮਨਾਂ ਉਤੇ ਬੁਰਾ ਪ੍ਰਭਾਵ ਪਾਇਆ ਹੈ ਉਹ 'ਆਧੁਨਿਕ' ਨਹੀਂ ਹਨ ਸਗੋਂ ਉਹ 'ਕਮਰਸ਼ੀਅਲ' ਫਿਲਮਾਂ ਹਨ। 'ਆਧੁਨਿਕ' ਜਾਂ 'ਸਮਾਨਾਂਤਰ' ਜਾਂ 'ਸਾਰਥਿਕ' ਫਿਲਮਾਂ ਨੇ ਨਵਯੁਵਕਾਂ ਉਪਰ ਬੁਰਾ ਪ੍ਰਭਾਵ ਪਾਉਣ ਦੀ ਥਾਂ ਉਨ੍ਹਾਂ ਦੇ ਮਨਾਂ ਨੂੰ ਅਨੁਭਵ ਦੀ ਅਮੀਰੀ ਅਤੇ ਸੰਪ੍ਰੇਸ਼ਣ ਦੀ ਸ਼ਕਤੀ ਦੁਆਰਾ ਵਧੇਰੇ ਪ੍ਰੋੜ੍ਹਬਣਾਇਆ ਹੈ। ਉਦਾਹਰਣ ਲਈ ਅਸੀਂ ਅਸਿਤ ਸੇਨ, ਬੀ. ਆਰ. ਇਸ਼ਾਰਾ, ਬਾਸੂ ਚੈਟਰਜੀ, ਕਾਸੂ ਭੱਟਾਚਾਰੀਆ, ਰਾਜਿੰਦਰ ਸਿੰਘ ਬੇਦੀ ਆਦਿ ਨਿਰਮਾਤਾ ਨਿਰਦੇਸ਼ਕਾਂ ਦੀਆਂ ਪਿਛਲੇਰੇ ਵਰ੍ਹਿਆਂ ਵਿਚ ਬਣੀਆਂ ਫਿਲਮਾਂ ਵੇਖ ਸਕਦੇ ਹਾਂ।

ਅਜ ਦੀ ਯੁਵਾ ਪੀੜ੍ਹੀ ਸਾਰੀਆਂ ਕਲਾਵਾਂ, ਇਥੋਂ ਤੱਕ ਕਿ ਫਿਲਮਾਂ ਪ੍ਰਤੀ ਵੀ ਤਟਸਥ ਰਵੱਈਆ ਅਖਤਿਆਰ ਕਰੀ ਬੈਠੀ ਹੈ। ਉਹ ਪੀੜ੍ਹੀ ਹੁਣ ਬੁੱਢੀ ਹੋ ਚੁਕੀ ਹੈ ਜੋ 'ਆਹ', 'ਆਗ', 'ਅਨਮੋਲ ਘੜੀ', 'ਦੇਵਦਾਸ', 'ਦਾਗ', 'ਮੇਲਾ', 'ਅਫਸਰ', 'ਚਿੱਤਰਲੇਖਾ', 'ਰਤਨ', 'ਪਤੰਗਾ', 'ਢੋਲਕ', 'ਜੀਨਤ', 'ਬਸੰਤ', 'ਸ਼ਾਹ ਜਹਾਂ', 'ਕਾਜਲ', 'ਵਤਨ', 'ਦਰਦ' ਵਰਗੀਆਂ ਫਿਲਮਾਂ ਉਤੇ ਜਾਨ ਦਿੰਦੀ ਸੀ। ਉਸ ਪੀੜ੍ਹੀ ਦੇ ਲੋਕ ਇਨ੍ਹਾਂ ਫਿਲਮਾਂ ਦੀਆਂ ਗੱਲਾਂ ਕਰਦੇ ਹੁਣ ਵੀ ਭਾਵੁਕ ਹੋ ਜਾਂਦੇ ਹਨ। ਆਲ ਇੰਡੀਆ ਰੇਡੀਓ ਦੀ ਉਰਦੂ ਸਰਵਿਸ ਦੇ ਪਰੋਗਰਾਮ 'ਆਵਾਜ਼ ਦੇ ਕਹਾਂ ਹੈਂ' ਤੇ ਧਰਤੀ ਕੋ ਆਕਾਸ਼ ਪੁਕਾਰੇ' ਵਿਚਲੇ ਸਰੋਤਿਆਂ ਦੇ ਖਤ ਸਾਡੇ ਇਸ ਕਥਨ ਦੀ ਪੁਸ਼ਟੀ ਕਰਦੇ ਹਨ।

ਅੱਜ ਦਾ ਦੌਰ ਰਫਤਾਰ ਦਾ ਦੌਰ ਹੈ। ਕੋਈ ਵੀ ਫਿਲਮ ਕਿਸੇ ਦਰਸ਼ਕ ਦੇ ਮਨ ਉਤੇ ਸਥਾਈ ਪ੍ਰਭਾਵ ਨਹੀਂ ਛੱਡਦੀ, ਸ਼ਾਇਦ ਇਸ ਮੰਤਵ ਲਈ ਕੋਈ ਫਿਲਮ ਬਣਾਈ ਹੀ ਨਹੀਂ ਜਾਂਦੀ। ਅੱਜ ਦਾ ਯੁਗ ਅਸਥਾਈ ਪ੍ਰਭਾਵਾਂ ਦਾ ਹੈ। ਭਵਿਖ ਪ੍ਰਤੀ ਚਿੰਤਾਤੁਰ, ਆਪਣੇ ਅਤੀਤ ਤੋਂ ਟੁੱਟੀ ਹੋਈ, ਭ੍ਰਸ਼ਟ ਸਮਾਜ ਵਿਚ ਪਲ ਕੇ ਜਵਾਨ ਹੋਈ ਇਹ ਨੌਜਵਾਨ ਪੀੜ੍ਹੀ ਭਲਾ ਫਿਲਮ ਤੋਂ ਕੀ ਬੁਰਾ ਪ੍ਰਭਾਵ ਗ੍ਰਹਿਣ ਕਰੇਗੀ।

**Garrison Beatty & Godoy**
**Insurance Agencies Ltd.**

ਕਾਰਾਂ, ਵੈਨਾਂ, ਟਰੱਕਾਂ ਜਾਂ ਹੋਰ ਹਰ ਤਰ੍ਹਾਂ ਦੀ
ਇਨਸ਼ੋਰੈਂਸ ਕਰਾਉਣ ਲਈ ਸਾਡੇ ਪਾਸ
ਦਰਸ਼ਨ ਦਿਓ


BALDEV SANGRA

5258 - Rumble St., South Burnaby, B.C. V5J 2B6
Ph. 437-0033

6653 - Victoria Dr., Vancouver, B.C. V5P 3Y2
Ph. 321-6557

# GILL AUTO SALES





# ਗਿੱਲ ਆਟੋ ਸੇਲਜ਼

## ਉਤੇ

## ਪਹੁੰਚੋ

DR #8220

### ਅਤੇ ਆਪਣੀ ਪਸੰਦ ਦੀਆਂ

## ਕਾਰਾਂ, ਵੈਨਾਂ ਜਾਂ ਪਿਕ ਅੱਪ ਖ਼੍ਰੀਦੋ

- ਨਵੀਂ ਕਾਰ ਕੋਈ ਵੀ ਖ਼੍ਰੀਦਣੀ ਹੋਵੇ ਤਾਂ ਸਾਨੂੰ ਪਹਿਲਾਂ ਫ਼ੋਨ ਕਰੋ ਅਸੀਂ ਤੁਹਾਡੇ ਸੈਂਕੜੇ ਡਾਲਰ ਬਚਾ ਸਕਦੇ ਹਾਂ ।

- ਕਾਰ ਰੀਪੇਅਰ ਕਰਾਉਣ ਲਈ ਇਥੇ ਪਹੁੰਚੋ, ਸਸਤੇ ਰੇਟ ਉਤੇ ਰੀਪੇਅਰ ਦਾ ਕੰਮ ਅਸੀਂ ਕਰਵਾ ਸਕਦੇ ਹਾਂ ।

ਫਾਈਨੈਂਨਸ ਦਾ ਪ੍ਰਬੰਧ ਕੀਤਾ ਜਾਵੇਗਾ (O.A.C.)
ਕਾਰਾਂ, ਵੈਨਾਂ, ਪਿਕਅੱਪ ਲੈਣ ਸਮੇਂ ਤੁਸੀਂ ਕੁਝ ਕੁ ਪੈਸੇ ਵੱਧ ਦੇ ਕੇ ਵਾਰੰਟੀ, ਐਕਸੀਡੈਂਟ
ਅਤੇ ਸਿਕਨੈਸ ਇੰਨਸ਼ੋਰੈਂਸ ਵੀ ਖਰੀਦ ਸਕਦੇ ਹੋ !

## ਗਿੱਲ ਆਟੋ ਸੇਲਜ਼ 'ਤੇ ਪਹੁੰਚੋ

**ਫੋਨ ਕਰੋ — ਪ੍ਰਲਾਦ ਗਿੱਲ — ਸੁਰਿੰਦਰ ਸਿੰਘ**

432-7333



6138 Kingsway (Near Imperial), BURNABY, B.C.

**Phone 432-7333**

## ਸਰੀ ਵਿਚ ਤੁਹਾਡੀ ਕਮਿਊਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ ਗਿੱਲ-ਫੋਰਡ-ਫਰਨੀਚਰ




ਮਿਸਾਲ-ਤੋੜ ਸੇਲ ਵਿਚ
ਹੁੰਮ-ਹੁਮਾ ਕੇ ਪੁਜੋ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ
ਉਤਸਵ ਦੀ
ਲੱਖ ਲੱਖ ਵਧਾਈ ਹੋਵੇ

## ਲਓ ਜੀ

# ਦੀਵਾਲੀ ਲੰਘ ਗਈ

## ਅਜੇ ਵੀ

## ਗਿੱਲਫਰਡ ਫਰਨੀਚਰ 'ਤੇ ਚੱਲ ਰਹੀ ਹੈ

# ਮਿਸਾਲ-ਤੋੜ ਸੇਲ

## ਜੋ ਕਿ ਨਵੰਬਰ ਦੇ ਅਖੀਰ ਤੱਕ ਬੜੇ ਧੂੰਮ ਧਾਮ ਨਾਲ ਚੱਲੇਗੀ

- ਭੈਣੋ ਅਤੇ ਭਰਾਵੋ ਇਹ ਗੱਲ ਨੋਟ ਕਰ ਲਓ ਕਿ ਗਿੱਲਫਰਡ ਫਰਨੀਚਰ 'ਤੇ ਮਿਸਾਲ-ਤੋੜ ਸੇਲ ਲੱਗ ਗਈ ਹੈ ਜਿਸ ਵਿਚ ਪਿਛਲੀਆਂ ਸਭ ਕੀਮਤਾਂ ਵਾਲੀ ਮਿਸਾਲ ਤੋੜ ਕੇ ਰੱਖ ਦਿਤੀ ਜਾਵੇਗੀ।

### ਖਿਆਲ ਨਾਲ ਪੜ੍ਹੋ

- ਕਿ ਗਿੱਲਫਰਡ ਫਰਨੀਚਰ 'ਤੇ 9 ਪੀਸ ਡਾਇਨਿੰਗ ਸੈੱਟ ਇਕ 1400 ਦਾ ਇਕ 1600 ਦਾ ਇਕ 2000 ਦਾ ਅਤੇ ਬਾਕੀ ਸਾਰੇ ਹੀ ਡਾਇਨਿੰਗ ਸੈੱਟਾਂ ਉਤੇ ਕੀਮਤਾਂ ਵਾਲੀ ਉਹ ਮਿਸਾਲ ਤੋੜੀ ਜਾਵੇਗੀ ਜਿਸਦੀ ਮਿਸਾਲ ਬੀ. ਸੀ. ਦੇ ਕੋਨੇ ਕੋਨੇ ਵਿਚ ਕਿਤੋਂ ਵੀ ਨਹੀਂ ਮਿਲ ਸਕੇਗੀ

### ਧਿਆਨ ਦਿਓ

- ਕਿ ਤਿੰਨ ਪੀਸ ਸੋਫ਼ਾ ਸੈਟ ਕੋਈ 1000 ਦਾ ਕੋਈ 1200 ਦਾ ਕੋਈ 1400 ਦਾ, ਇਸ ਤੋਂ ਇਲਾਵਾ ਸਟੋਰ ਵਿਚ ਪਏ ਸਾਰੇ ਹੀ ਸੋਫਾ ਸੈੱਟ ਮਿਸਾਲ-ਤੋੜ ਕੀਮਤਾਂ ਵਿਚ ਮਿਸਾਲ-ਤੋੜ ਰੰਗਾਂ ਵਿਚ ਉਨ੍ਹਾਂ ਕੀਮਤਾਂ 'ਤੇ ਮਿਲਣਗੇ ਜਿਨ੍ਹਾਂ ਕੀਮਤਾਂ ਦਾ ਕੋਈ ਸੁਪਨਾ ਵੀ ਨਹੀਂ ਲੈ ਸਕਦਾ।

### ਜੀ ਹਾਂ

- ਗਿੱਲਫਰਡ ਫਰਨੀਚਰ 'ਤੇ ਸੌਲਿਡ ਪਾਈਨ ਦੀਆਂ ਬੈੱਡ-ਰੂਮ ਸੁਈਟਾਂ ਵਿਚ ਸਭ ਤੋਂ ਵੱਧ ਸਲੈਕਸ਼ਨ ਅਤੇ ਸੀਲੀ ਦੇ ਮੈਟਰੈਸਾਂ ਉਤੇ ਸਭ ਤੋਂ ਵੱਧ ਸਲੈਕਸ਼ਨ ਅਤੇ ਇਨ੍ਹਾਂ ਦੀਆਂ ਕੀਮਤਾਂ ਵਾਲੀ ਮਿਸਾਲ ਨਵੰਬਰ ਦੇ ਅਖੀਰ ਤੱਕ ਤੋੜੀ ਜਾਵੇਗੀ।

### ਆ ਜਾਓ !

Something New!
Ask About Our
GILLFORD
FURNITUREMART
CREDIT CARD
SERVICE
APPLY TODAY.

# GILL-FORD FURNITURE MART

"Better Quality Furnishing at Discount Prices"

Financing Available O.A.C.

Hours: Mon-Fri 10-9. Sat.-Sun. & Holidays 10-6

13442-108th Avenue, Surrey

588-4461